ਕੈਨੇਡੀਅਨ ਪੰਜਾਬੀ ਪੋਸਟ
Award winning newspaper | Canadian Punjabi Post
Vol 19*Issue 127 Tuesday, July 07, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਰੀਡੋ ਹਾਲ ਨੇੜੇ ਗ੍ਰਿਫਤਾਰ ਵਿਅਕਤੀ ਤੋਂ ਪ੍ਰਧਾਨ ਮੰਤਰੀ ਨੂੰ ਸੀ ਖਤਰਾ : ਆਰਸੀਐਮਪੀ

ਓਟਵਾ, 6 ਜੁਲਾਈ (ਪੋਸਟ ਬਿਊਰੋ) : ਪਿਛਲੇ ਹਫਤੇ ਰੀਡੋ ਹਾਲ ਦੇ ਗੇਟ ਵਿੱਚ ਟਰੱਕ ਮਾਰਨ ਤੋਂ ਬਾਅਦ ਅੰਦਰ ਦਾਖਲ ਹੋਣ ਵਾਲੇ ਵਿਅਕਤੀ ਕੋਲ ਦੋ ਸ਼ਾਟਗੰਨਜ਼, ਇੱਕ ਰਾਈਫਲ ਤੇ ਇੱਕ ਰਿਵਾਲਵਰ ਸੀ। ਉਸ ਉੱਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਮਾਰਨ ਜਾਂ ਸਰੀਰਕ ਨੁਕਸਾਨ ਪਹੁੰਚਾਉਣ ਦਾ ਇਰਾਦਾ ਰੱਖਣ ਦਾ ਵੀ ਦੋਸ਼ ਹੈ।

ਨਵੇਂ ਜਾਰੀ ਕੀਤੇ ਗਏ ਅਦਾਲਤੀ ਹੁਕਮਾਂ ਵਿੱਚ ਕੈਨੇਡੀਅਨ ਫੋਰਸਿਜ਼ ਦੇ ਮੈਂਬਰ ਕੋਰੀ ਹੁਰੇਨ ਖਿਲਾਫ ਲਾਏ ਗਏ ਚਾਰਜਿਜ਼ ਦਾ ਵੇਰਵਾ ਦਿੱਤਾ ਗਿਆ ਹੈ। ਆਰਸੀਐਮਪੀ ਅਧਿਕਾਰੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਹੁਰੇਨ ਦੇ ਕੋਲ ਪਾਬੰਦੀਸ਼ੁਦਾ ਐਮ-14 ਰਾਈਫਲ, ਸ਼ਾਟਗੰਨ ਤੇ ਆਲ੍ਹਾ ਦਰਜੇ ਦਾ ਰਿਵਾਲਵਰ ਸੀ। ਦਸਤਾਵੇਜ਼ਾਂ ਵਿੱਚ ਆਖਿਆ ਗਿਆ ਹੈ ਕਿ ਉਸ ਕੋਲ ਰਾਈਫਲ ਲਈ ਲਾਇਸੰਸ ਸੀ, ਜਿਸ ਤੋਂ ਮਤਲਬ ਹੈ ਕਿ ਹਥਿਆਰ ਉੱਤੇ ਪਾਬੰਦੀ ਲਾਏ ਜਾਣ ਤੋਂ ਪਹਿਲਾਂ ਹੀ ਉਸ ਕੋਲ ਜਾਂ ਉਸ ਦੇ ਨੇੜਲੇ ਪਰਿਵਾਰਕ ਮੈਂਬਰ ਕੋਲ ਉਹ ਰਾਈਫਲ ਸੀ ਪਰ ਰਿਵਾਲਵਰ



ਲਈ ਲਾਇਸੰਸ ਨਹੀਂ ਸੀ। ਮੈਨੀਟੋਬਾ ਵਾਸੀ ਕੋਲ ਬਿਨਾਂ ਲਾਇਸੰਸ ਦੇ ਹਾਈ ਕਪੈਸਿਟੀ ਮੈਗਜ਼ੀਨ ਵੀ ਸੀ।

ਹਥਿਆਰਾਂ ਨਾਲ ਸਬੰਧਤ 21 ਚਾਰਜਿਜ਼ ਤੋਂ ਇਲਾਵਾ ਹੁਰੇਨ ਉੱਤੇ ਪ੍ਰਧਾਨ ਮੰਤਰੀ ਨੂੰ ਜਾਨੋਂ ਮਾਰਨ ਜਾਂ ਸਰੀਰਕ ਨੁਕਸਾਨ ਪਹੁੰਚਾਉਣ ਦਾ ਇਰਾਦਾ ਰੱਖਣ ਦਾ ਦੋਸ਼ ਵੀ ਹੈ। ਫੌਜ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਹੁਰੇਨ ਕੈਨੇਡੀਅਨ ਰੇਂਜਰਜ਼ ਵਿੱਚ ਰਿਜ਼ਰਵਿਸਟ ਹੈ, ਜਿਸ ਕੋਲ ਕੋਵਿਡ-19 ਮਹਾਂਮਾਰੀ ਦੌਰਾਨ ਮਦਦ ਲਈ ਉਲੀਕੇ ਪ੍ਰੋਗਰਾਮ ਸਬੰਧੀ ਫੁੱਲ ਟਾਈਮ ਡਿਊਟੀ ਹੈ।

ਆਰਸੀਐਮਪੀ ਨੇ ਦੱਸਿਆ ਕਿ ਹੁਰੇਨ ਨੇ ਪਿਛਲੇ ਵੀਰਵਾਰ ਓਟਵਾ ਵਿੱਚ ਰੀਡੋ ਹਾਲ ਦੇ ਗੇਟ ਵਿੱਚ ਗੱਡੀ ਮਾਰੀ। ਜਿਸ ਥਾਂ ਇਹ ਘਟਨਾ ਵਾਪਰੀ ਉਹ ਥਾਂ ਗਵਰਨਰ ਜਨਰਲ ਦੀ ਸਰਕਾਰੀ ਰਿਹਾਇਸ਼ ਤੋਂ ਕੋਈ ਬਹੁਤੀ ਦੂਰ ਨਹੀਂ, ਟਰੂਡੋ ਤੇ ਉਨ੍ਹਾਂ ਦਾ ਪਰਿਵਾਰ ਵੀ 24 ਸਸੈਕਸ ਡਰਾਈਵ ਵਿੱਚ ਮੁਰੰਮਤ ਦਾ ਕੰਮ ਚੱਲਣ ਕਾਰਨ, ਇੱਥੇ ਹੀ ਰਹਿ ਰਿਹਾ ਹੈ। ਹੁਰੇਨ ਆਪਣੀ ਗੱਡੀ ਵਿੱਚੋਂ ਨਿਕਲ ਕੇ ਸਿੱਧਾ ਟਰੂਡੋ ਦੀ ਰਿਹਾਇਸ਼ ਵੱਲ ਵਧਿਆ। ਪੁਲਿਸ ਨੇ ਉਸ ਨੂੰ ਵਿਚਾਲੇ ਹੀ ਰੋਕ ਲਿਆ ਤੇ ਕਿਸੇ ਨੂੰ ਨੁਕਸਾਨ ਪਹੁੰਚਣ ਤੋਂ ਪਹਿਲਾਂ ਹੀ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

## ਤਿਕੋਣੀ ਮੀਟਿੰਗ ਵਿੱਚ ਹਿੱਸਾ ਲੈਣ ਡੀਸੀ ਨਹੀਂ ਜਾਣਗੇ ਟਰੂਡੋ

ਓਟਵਾ, 6 ਜੁਲਾਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਸ ਹਫਤੇ ਵਾਸ਼ਿੰਗਟਨ, ਡੀਸੀ ਦਾ ਦੌਰਾ ਨਹੀਂ ਕਰਨਗੇ। ਉਨ੍ਹਾਂ ਮੈਕਸਿਕੋ ਦੇ ਰਾਸ਼ਟਰਪਤੀ ਆਂਦਰੇਸ ਮੈਨੂਅਲ ਲੋਪੇਜ਼ ਓਬ੍ਰਾਡੋਰ ਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਮੁਲਾਕਾਤ ਕਰਨ ਲਈ ਜਾਣਾ ਸੀ।



ਪ੍ਰਧਾਨ ਮੰਤਰੀ ਆਫਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਬੁੱਧਵਾਰ ਨੂੰ ਹੋਣ ਵਾਲੀ ਮੀਟਿੰਗ ਲਈ ਅਸੀਂ ਅਮਰੀਕਾ ਤੇ ਮੈਕਸਿਕੋ ਨੂੰ ਸ਼ੁੱਭ ਕਾਮਨਾਵਾਂ ਦਿੰਦੇ ਹਾਂ। ਇਹ ਵੀ ਆਖਿਆ ਗਿਆ ਕਿ ਇਸ ਮੀਟਿੰਗ ਵਿੱਚ ਕੈਨੇਡਾ ਦੇ ਹਿੱਸਾ ਲੈਣ ਦੀ ਵੀ ਸੰਭਾਵਨਾ ਸੀ ਪਰ ਪ੍ਰਧਾਨ ਮੰਤਰੀ ਇਸ ਹਫਤੇ ਕੈਬਨਿਟ ਮੀਟਿੰਗਾਂ ਤੇ ਪਾਰਲੀਆਮੈਂਟ ਦੀ ਲੰਮੇਂ ਸਮੇਂ ਤੋਂ ਤੈਅ ਕੀਤੀ ਸਿਟਿੰਗ ਵਿੱਚ ਰੁੱਝੇ ਹੋਣ ਕਾਰਨ ਇਸ ਵਾਰੀ ਇਸ ਤਿਕੋਣੀ ਮੀਟਿੰਗ ਵਿੱਚ ਹਿੱਸਾ ਨਹੀਂ ਲੈ ਸਕਣਗੇ।

ਇਹ ਤਿਕੋਣੀ ਮੀਟਿੰਗ ਨਵੇਂ ਨਾਫਟਾ ਸਮਝੌਤੇ ਦੇ ਲਾਗੂ ਹੋਣ ਦੇ ਮੱਦੇਨਜ਼ਰ ਹੋਣ ਜਾ ਰਹੀ ਸੀ। ਇਸ ਦੌਰਾਨ ਇਸ ਬਿਆਨ ਵਿੱਚ ਕੈਨੇਡਾ ਨੇ ਇਹ ਵੀ ਆਖਿਆ ਕਿ ਉਹ ਆਪਣੇ ਨਾਫਟਾ ਭਾਈਵਾਲਾਂ ਨਾਲ ਕੰਮ ਕਰਨਾ ਜਾਰੀ ਰੱਖੇਗਾ ਤਾਂ ਕਿ ਤਿੰਨਾਂ ਦੇਸ਼ਾਂ ਵਿੱਚ ਇਹ ਸਮਝੌਤਾ ਕਾਰਗਰ ਹੋ ਸਕੇਗਾ। ਪ੍ਰਾਪਤ ਜਾਣਕਾਰੀ ਅਨੁਸਾਰ ਲੋਪੇਜ਼ ਓਬ੍ਰਾਡੋਰ ਦੀ ਇਸ ਹਫਤੇ ਟਰੰਪ ਨਾਲ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ ਟਰੂਡੋ ਵੱਲੋਂ ਮੈਕਸਿਕੋ ਦੇ ਰਾਸ਼ਟਰਪਤੀ ਨਾਲ ਫੋਨ ਉੱਤੇ ਗੱਲ ਕੀਤੀ ਜਾਵੇਗੀ।

ਇਹ ਪੁੱਛੇ ਜਾਣ ਉੱਤੇ ਕਿ ਕੀ ਉਹ ਜੀ7 ਮੀਟਿੰਗ ਵਿੱਚ ਹਿੱਸਾ ਲੈਣ ਬਾਰੇ ਵਿਚਾਰ ਕਰ ਰਹੇ ਹਨ ਤਾਂ ਟਰੂਡੋ ਨੇ ਆਖਿਆ ਕਿ ਕੈਨੇਡਾ-ਅਮਰੀਕਾ ਸਰਹੱਦੀ ਪਾਬੰਦੀਆਂ ਕਾਰਨ ਉਹ ਪਬਲਿਕ ਹੈਲਥ ਅਧਿਕਾਰੀਆਂ ਦੀ ਸਲਾਹ ਮੁਤਾਬਕ ਹੀ ਫੈਸਲਾ ਕਰਨਗੇ।

## ਅੱਜ ਤੋਂ ਦੂਜੇ ਪੜਾਅ ਵਿੱਚ ਦਾਖਲ ਹੋਵੇਗਾ ਸਾਰਾ ਓਨਟਾਰੀਓ

ਓਨਟਾਰੀਓ, 6 ਜੁਲਾਈ (ਪੋਸਟ ਬਿਊਰੋ) : ਮੰਗਲਵਾਰ ਨੂੰ ਸਾਰਾ ਓਨਟਾਰੀਓ ਪ੍ਰੋਵਿੰਸ ਦੇ ਰਿਕਵਰੀ ਪਲੈਨ ਤਹਿਤ ਅਗਲੇ ਪੜਾਅ ਵਿੱਚ ਦਾਖਲ ਹੋ ਜਾਵੇਗਾ।

ਪ੍ਰੀਮੀਅਰ ਡੱਗ ਫੋਰਡ ਨੇ ਐਲਾਨ ਕੀਤਾ ਕਿ ਲੈਮਿੰਗਟਨ ਤੇ ਕਿੰਗਸਵਿਲੇ ਨੂੰ ਵੀ ਰਾਤੀਂ 12:01 ਵਜੇ ਅਗਲੇ ਪੜਾਅ ਵਿੱਚ ਦਾਖਲ ਹੋਣ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ। ਉਨ੍ਹਾਂ ਆਖਿਆ ਕਿ ਲੋਕਲ ਫਾਰਮਾਂ ਉੱਤੇ ਕੋਵਿਡ-19 ਆਊਟਬ੍ਰੇਕ ਨਿਯੰਤਰਣ ਵਿੱਚ ਹਨ ਤੇ ਕਮਿਊਨਿਟੀ ਵਿੱਚ ਵਾਇਰਸ ਦਾ ਪਸਾਰ ਵੀ ਘੱਟ ਹੈ। ਪ੍ਰੀਮੀਅਰ ਨੇ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਉਹ ਵਿੰਡਸਰ-ਐਸੈਕਸ ਰੀਜਨ ਦਾ ਦੌਰਾ ਕਰਨਗੇ ਤੇ ਹਲੀਮੀ ਤੋਂ ਕੰਮ ਲੈਣ ਲਈ ਕਮਿਊਨਿਟੀ ਦਾ ਸ਼ੁਕਰੀਆ ਅਦਾ ਕਰਨਗੇ।



ਪਿਛਲੇ ਹਫਤੇ, 190 ਐਗਰੀ ਫੂਡ ਵਰਕਰਜ਼ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਫੋਰਡ ਸਰਕਾਰ ਨੇ ਐਮਰਜੰਸੀ ਮੈਨੇਜਮੈਂਟ ਓਨਟਾਰੀਓ ਨੂੰ ਇਨ੍ਹਾਂ ਵਰਕਰਜ਼ ਦੀ ਸਿਹਤ ਸੰਭਾਲ ਤੇ ਹਾਊਸਿੰਗ ਵਿੱਚ ਮਦਦ ਲਈ ਭੇਜਿਆ ਸੀ। ਇੱਥੇ ਦੱਸਣਾ ਬਣਦਾ ਹੈ ਕਿ ਦੋ ਟਾਊਨਜ਼ ਨੂੰ ਛੱਡ ਕੇ ਵਿੰਡਸਰ-ਐਸੈਕਸ ਦਾ ਬਹੁਤਾ ਹਿੱਸਾ ਦੂਜੇ ਪੜਾਅ ਵਿੱਚ ਦਾਖਲ ਹੋ ਗਿਆ ਸੀ।

ਇਸ ਦੌਰਾਨ ਸੋਮਵਾਰ ਨੂੰ ਓਨਟਾਰੀਓ ਦੇ ਸੱਭ ਤੋਂ ਵੱਡੇ ਸ਼ਹਿਰਾਂ ਤੇ ਰੀਜਨਜ਼ ਨੇ ਆਖਿਆ ਕਿ ਮਹਾਂਮਾਰੀ ਨਾਲ ਜੂਝ ਰਹੀਆਂ ਮਿਊਂਸਪੈਲਿਟੀਜ਼ ਦੀ ਸਰਕਾਰ ਨੂੰ ਵਿੱਤੀ ਮਦਦ ਕਰਨੀ ਚਾਹੀਦੀ ਹੈ। ਮਿਊਂਸਪਲ ਆਗੂਆਂ ਨੇ ਆਖਿਆ ਕਿ ਦੇਸ਼ ਭਰ ਦੀਆਂ ਕਮਿਊਨਿਟੀਜ਼ ਦੀ ਮਦਦ ਲਈ 10 ਬਿਲੀਅਨ ਡਾਲਰ ਦੀ ਆਰਥਿਕ ਸਹਾਇਤਾ ਦੀ ਲੋੜ ਹੈ। ਇਹ ਵੀ ਆਖਿਆ ਗਿਆ ਕਿ ਟੈਕਸਾਂ ਵਿੱਚ ਵਾਧੇ, ਸੇਵਾਵਾਂ ਵਿੱਚ ਕਟੌਤੀ ਤੇ ਫੀਸਾਂ ਵਿੱਚ ਵਾਧੇ ਤੋਂ ਪਹਿਲਾਂ ਫੈਡਰਲ ਤੇ ਪ੍ਰੋਵਿੰਸ਼ੀਅਲ ਸਰਕਾਰਾਂ ਨੂੰ ਆਪਣੇ ਮਤਭੇਦ ਖ਼ਤਮ ਕਰ ਲੈਣੇ ਚਾਹੀਦੇ ਹਨ।

ਓਨਟਾਰੀਓ ਦੇ ਲਾਰਜ ਅਰਬਨ ਮੇਅਰਜ਼ ਕਾਕਸ, ਓਨਟਾਰੀਓ ਦੀ ਐਸੋਸਿਏਸ਼ਨ ਆਫ ਮਿਊਂਸਪੈਲਿਟੀਜ਼ ਤੇ ਮੇਅਰਜ਼ ਐਂਡ ਰੀਜਨਲ ਚੇਅਰਜ਼ ਆਫ ਓਨਟਾਰੀਓ ਨੇ ਸੋਮਵਾਰ ਨੂੰ ਇੱਕ ਸਾਂਝੇ ਬਿਆਨ ਵਿੱਚ ਸਰਕਾਰਾਂ ਨੂੰ ਆਖਿਆ ਕਿ ਸਾਡੇ ਲੋਕਾਂ ਨੂੰ ਮਦਦ ਚਾਹੀਦੀ ਹੈ। ਵਿੱਤੀ ਲਾਗਤ ਨੂੰ ਕਿਸ ਤਰ੍ਹਾਂ ਸਾਂਝਾ ਕੀਤਾ ਜਾਵੇ ਇਸ ਲਈ ਫੈਡਰਲ ਪ੍ਰੋਵਿੰਸ਼ੀਅਲ ਰੇੜਕਾ ਖਤਮ ਕਰਨ ਦਾ ਸਮਾਂ ਆ ਗਿਆ ਹੈ।

## ਬੌਬ ਰੇਅ ਹੋਣਗੇ ਸੰਯੁਕਤ ਰਾਸ਼ਟਰ ਵਿੱਚ ਕੈਨੇਡਾ ਦੇ ਨਵੇਂ ਅੰਬੈਸਡਰ

ਓਟਵਾ, 6 ਜੁਲਾਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਬੌਬ ਰੇਅ ਨੂੰ ਸੰਯੁਕਤ ਰਾਸ਼ਟਰ ਵਿੱਚ ਕੈਨੇਡਾ ਦਾ ਨਵਾਂ ਅੰਬੈਸਡਰ ਨਿਯੁਕਤ ਕੀਤਾ ਗਿਆ ਹੈ।



ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕਾਊਂਸਲ ਵਿੱਚ ਆਪਣੀ ਆਰਜ਼ੀ ਸੀਟ ਗੁਆਉਣ ਤੋਂ ਕੁੱਝ ਹਫਤੇ ਬਾਅਦ ਕੈਨੇਡਾ ਵੱਲੋਂ ਇਸ ਨਿਯੁਕਤੀ ਦਾ ਐਲਾਨ ਕੀਤਾ ਗਿਆ ਹੈ। ਟਰੂਡੋ ਸਰਕਾਰ ਵਿੱਚ 71 ਸਾਲਾ ਬੌਬ ਰੇਅ ਵੱਲੋਂ ਨਿਭਾਈਆਂ ਜਾਣ ਵਾਲੀਆਂ ਭੂਮਿਕਾਵਾਂ ਦੀ ਸੂਚੀ ਹੁਣ ਹੋਰ ਲੰਮੀ ਹੋ ਗਈ ਹੈ। ...ਬਾਕੀ ਪੰਨਾ 3 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance · Super Visa Insurance · Critical illness Ins · Mortgage Insurance · Travel & Visitor Ins · Disability Insurance · RESP & TFSA & RRSP · Funeral Insurance
SIMRAN SAINI 416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452 Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance · Life & Disability · Critical illness · RESP · Visitor & Travel insurance
(416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
Supervisa / Visitor Insurance · Life /Mortgage/Funeral Insurance · Disability Insurance · Critical Illness Insurance · RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ 905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ? · ਗਾਰਨਿਸ਼ਮੈਂਟ? · ਬੈਂਕ ਵਲੋਂ ਪੈਸੇ ਦੀ ਮੰਗ ? · ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

You can Place Your Business Here (905)793-2202 To Reach Wider Audience

Law Office of Aman Sharma
Real Estate · Commercial Lease · Business Purchase & Sale · Notarizations & Affidavits · Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre · AvonFinancial Inc.
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਨਵਾਂ ਘਾਹ ਲਵਾਉ 647-784-1213 www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ · ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ · ਨਵਾਂ ਘਾਹ ਲਵਾਉ · ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets · Completly Furnished Legal Basement · Painting & Flooring
Jaswant Sehmbi: 647.524.0885

KELLEY LAW OFFICE
Immigration · Real Estate · Family Law · Business Closing · Corporate · Wills & Estate · Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

PEST PROBLEM ? Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE 647.990.3205
100% Customer Satisfaction
KSG Pest Control Inc.
www.ksgpestcontrol.com ksgpestcontrol@gmail.com
Amarjeet Singh Gill

MANN LAW FIRM
Real Estate Law · Business Law · Wills & Estates · Family Law · Power of Attorney · Civil Litigation · Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control : Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL
416 938 4598


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017

# ਮੇਅਰ ਦੀ ਇਮਾਰਤ ਦੇ ਬਾਹਰ ਮੁਜ਼ਾਹਰਾਕਾਰੀਆਂ ਨੇ ਟੋਰਾਂਟੋ ਪੁਲਿਸ ਨਾਲ ਕੀਤੀ ਝੜਪ



ਟੋਰਾਂਟੋ, 6 ਜੁਲਾਈ (ਪੋਸਟ ਬਿਊਰੋ) : ਸੋਮਵਾਰ ਰਾਤ ਮੇਅਰ ਜੌਹਨ ਟੋਰੀ ਦੀ ਕੌਂਡੋ ਬਿਲਡਿੰਗ ਦੇ ਬਾਹਰ ਮਾਹੌਲ ਕਾਫੀ ਤਣਾਅਪੂਰਣ ਹੋ ਗਿਆ। ਬੇਦਖਲੀ ਦਾ ਵਿਰੋਧ ਕਰ ਰਹੇ ਇੱਕ ਗਰੁੱਪ ਨੇ ਟੋਰਾਂਟੋ ਪੁਲਿਸ ਨਾਲ ਝੜਪ ਕੀਤੀ।

ਸ਼ਹਿਰ ਵਿੱਚ ਬੇਦਖਲੀ ਬੰਦ ਕਰਨ ਦੀ ਮੰਗ ਕਰ ਰਿਹਾ ਗਰੁੱਪ ਬਲੂਅਰ ਸਟਰੀਟ ਤੇ ਬੈਡਫੋਰਡ ਰੋਡ ਨੇੜੇ ਸਥਿਤ ਮੇਅਰ ਟੋਰੀ ਦੀ ਯੌਰਕਵਿਲੇ ਕੌਂਡੋ ਇਮਾਰਤ ਲਾਗੇ ਪਹੁੰਚਿਆ ਤੇ ਉੱਥੇ ਕਾਫੀ ਜ਼ੋਰਦਾਰ ਮੁਜ਼ਾਹਰਾ ਕਰਨ ਲੱਗਿਆ। ਮੁਜ਼ਾਹਰਾਕਾਰੀਆਂ ਵਿੱਚੋਂ ਇੱਕ ਔਰਤ ਨੇ ਤਾਂ ਇਮਾਰਤ ਦੇ ਬਾਹਰ ਬਣੇ ਢਾਂਚੇ ਉੱਤੇ ਚੜ੍ਹਨ ਦੀ ਕੋਸ਼ਿਸ਼ ਵੀ ਕੀਤੀ। ਪਰ ਪੁਲਿਸ ਨੇ ਉਸ ਨੂੰ ਹੇਠਾਂ ਉਤਾਰ ਲਿਆ। ਪਰ ਲੋਕ ਉੱਚੀ ਉੱਚੀ ਰੌਲਾ ਪਾਉਂਦੇ ਤੇ ਚੀਖਦੇ ਸੁਣੇ ਗਏ।

ਪ੍ਰਾਪਤ ਜਾਣਕਾਰੀ ਅਨੁਸਾਰ ਕੁੱਝ ਮੁਜ਼ਾਹਾਕਾਰੀਆਂ ਨੇ ਇਮਾਰਤ ਦੇ ਅੰਦਰ ਦਾਖਲ ਹੋਣ ਦੀ ਵੀ ਕੋਸ਼ਿਸ਼ ਕੀਤੀ। ਮੁਜ਼ਾਹਰਾਕਾਰੀਆਂ ਵਿੱਚੋਂ ਇੱਕ ਨੇ ਦੱਸਿਆ ਕਿ ਉਨ੍ਹਾਂ ਦਾ ਗਰੁੱਪ ਆਪ ਮੇਅਰ ਜੌਹਨ ਟੋਰੀ ਨੂੰ ਇਸ ਸਬੰਧ ਵਿੱਚ ਪੱਤਰ ਦੇਣਾ ਚਾਹੁੰਦਾ ਹੈ। ਇਸ ਦੌਰਾਨ ਕਿਸੇ ਨੂੰ ਕੋਈ ਸੱਟ-ਫੇਟ ਨਹੀਂ ਲੱਗੀ। ਟੋਰਾਂਟੋ ਪੁਲਿਸ ਨੇ ਇਹ ਵੀ ਦੱਸਿਆ ਕਿ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। ਸੋਸ਼ਲ ਮੀਡੀਆ ਉੱਤੇ ਆ ਰਹੀਆਂ ਇਨ੍ਹਾਂ ਰਿਪੋਰਟਾਂ, ਕਿ ਮੁਜ਼ਾਹਰਾਕਾਰੀਆਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੀ ਵਰਤੋਂ ਕੀਤੀ ਗਈ, ਦਾ ਵੀ ਟੋਰਾਂਟੋ ਪੁਲਿਸ ਵੱਲੋਂ ਖੰਡਣ ਕੀਤਾ ਗਿਆ।

ਮੌਕੇ ਉੱਤੇ ਭਾਰੀ ਮਾਤਰਾ ਵਿੱਚ ਪੁਲਿਸ ਮੌਜੂਦ ਸੀ। ਹਾਲਾਂਕਿ ਕੋਵਿਡ-19 ਮਹਾਂਮਾਰੀ ਕਾਰਨ ਰਿਹਾਇਸ਼ੀ ਬੇਦਖਲੀਆਂ ਉੱਤੇ ਰੋਕ ਲਾਈ ਗਈ ਹੈ। ਪਰ ਕਿਰਾਏਦਾਰਾਂ ਦੀ ਪੈਰਵੀ ਕਰਨ ਵਾ-ਲਿਆਂ ਦਾ ਕਹਿਣਾ ਹੈ ਕਿ ਨਵੇਂ ਪ੍ਰੋਵਿੰਸ਼ੀਅਲ ਬਿੱਲ 184 ਰਾਹੀਂ ਕਿਰਾਏਦਾਰਾਂ ਦੇ ਅਧਿਕਾਰ ਮਹਾਂਮਾਰੀ ਤੋਂ ਬਾਅਦ ਕਮਜ਼ੋਰ ਪੈ ਜਾਣਗੇ ਤੇ ਉਨ੍ਹਾਂ ਤੋਂ ਘਰ ਖਾਲੀ ਕਰਵਾਉਣਾ ਆਸਾਨ ਹੋ ਜਾਵੇਗਾ।

# ਗ੍ਰੇਡ 9 ਵਿੱਚ ਸਟ੍ਰੀਮਿੰਗ ਖ਼ਤਮ ਕਰੇਗੀ ਫੋਰਡ ਸਰਕਾਰ



ਓਨਟਾਰੀਓ, 6 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦਾ ਕਹਿਣਾ ਹੈ ਕਿ ਉਹ ਗ੍ਰੇਡ 9 ਵਿੱਚ ਸਟ੍ਰੀਮਿੰਗ ਖ਼ਤਮ ਕਰ ਦੇਵੇਗਾ। ਇਹ ਅਜਿਹੀ ਪ੍ਰੈਕਟਿਸ ਹੈ ਜਿਸ ਨੂੰ ਆਲੋਚਕ ਵੱਖ ਵੱਖ ਨਸਲਾਂ ਦੇ ਵਿਦਿਆਰਥੀਆਂ ਖਿਲਾਫ ਪੱਖਪਾਤਪੂਰਣ ਮੰਨਦੇ ਹਨ।

ਸਿੱਖਿਆ ਮੰਤਰੀ ਸਟੀਫਨ ਲਿਚੇ ਦੇ ਆਫਿਸ ਦਾ ਕਹਿਣਾ ਹੈ ਕਿ ਹੁਣ ਵਿਦਿਆਰਥੀਆਂ ਨੂੰ ਹਾਈ ਸਕੂਲ ਸ਼ੁਰੂ ਕਰਨ ਸਮੇਂ ਅਪਲਾਈਡ ਜਾਂ ਐਕੇਡੈਮਿਕ ਸਟ੍ਰੀਮ ਚੁਣਨ ਲਈ ਨਹੀਂ ਆਖਿਆ ਜਾਵੇਗਾ। ਸਰਕਾਰ ਦਾ ਕਹਿਣਾ ਹੈ ਕਿ ਸਕੂਲ ਬੋਰਡ ਦੇ ਅੰਕੜੇ ਦੱਸਦੇ ਹਨ ਕਿ ਇਹ ਰੁਝਾਨ ਇਸ ਲਈ ਹੋਂਦ ਵਿੱਚ ਆਇਆ ਤਾਂ ਕਿ ਬਲੈਕ ਤੇ ਮੂਲਵਾਸੀ ਵਿਦਿਆਰਥੀ ਵੱਡੀ ਗਿਣਤੀ ਵਿੱਚ ਅਪਲਾਈਡ ਕਲਾਸਿਜ਼ ਵਿੱਚ ਜਾਣ ਤੇ ਹੋਰਨਾਂ ਵਿਦਿਆਰਥੀਆਂ ਦੇ ਮੁਕਾਬਲੇ ਉਨ੍ਹਾਂ ਨੂੰ ਡਿਪਲੋਮਾ ਮਿਲਣ ਦੀ ਸੰਭਾਵਨਾ ਘੱਟ ਹੋਵੇ।

ਲਿਚੇ ਦੇ ਆਫਿਸ ਨੇ ਆਖਿਆ ਕਿ ਸਰਕਾਰ ਜੂਨੀਅਰ ਕਿੰਡਰਗਾਰਟਨ ਤੋਂ ਲੈ ਕੇ ਗ੍ਰੇਡ 3 ਤੱਕ ਦੇ ਵਿਦਿਆਰਥੀਆਂ ਲਈ ਸਸਪੈਨਸ਼ਨ ਵੀ ਖ਼ਤਮ ਕਰੇਗੀ। ਇਸ ਤਰ੍ਹਾਂ ਦੇ ਰੁਝਾਨ ਨੂੰ ਖ਼ਤਮ ਕਰਨ ਦੀ ਅਪੀਲ ਕਰਨ ਵਾਲੇ ਪੀਪਲ ਫੌਰ ਐਜੂਕੇਸ਼ਨ ਗਰੁੱਪ ਵੱਲੋਂ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਗਿਆ ਹੈ।

# ਕਈ ਮਹੀਨਿਆਂ ਵਿੱਚ ਪਹਿਲੀ ਵਾਰੀ ਕੋਵਿਡ-19 ਨਾਲ ਓਨਟਾਰੀਓ 'ਚ ਨਹੀਂ ਹੋਈ ਕੋਈ ਮੌਤ



ਟੋਰਾਂਟੋ, 6 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਸਿਹਤ ਅਧਿਕਾਰੀਆਂ ਵੱਲੋਂ ਕਈ ਮਹੀਨਿਆਂ ਵਿੱਚ ਪਹਿਲੀ ਵਾਰੀ ਪ੍ਰੋਵਿੰਸ ਵਿੱਚ ਕੋਵਿਡ-19 ਨਾਲ ਸਬੰਧਤ ਕੋਈ ਮੌਤ ਰਿਪੋਰਟ ਨਹੀਂ ਕੀਤੀ ਗਈ।

ਮਾਰਚ ਦੇ ਅਖੀਰ ਤੋਂ ਲੈ ਕੇ ਹੁਣ ਤੱਕ ਓਨਟਾਰੀਓ ਨੋਵਲ ਕਰੋਨ-ਾਵਾਇਰਸ ਕਾਰਨ ਰੋਜ਼ਾਨਾ ਪ੍ਰੋਵਿੰਸ ਨੂੰ ਕਈ ਮੌਤਾਂ ਰਿਕਾਰਡ ਕਰਨੀਆਂ ਪਈਆਂ। ਹੁਣ ਤੱਕ, ਪ੍ਰੋਵਿੰਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਵਾਇਰਸ ਕਾਰਨ 2689 ਲੋਕ ਮਾਰੇ ਜਾ ਚੁੱਕੇ ਹਨ। ਵਾਇਰਸ ਜਦੋਂ ਆਪਣੇ ਪੂਰੇ ਚਰਮ ਉੱਤੇ ਸੀ ਤਾਂ ਪ੍ਰੋਵਿੰਸ ਵਿੱਚ ਰੋਜ਼ਾਨਾ ਦਰਜਨਾਂ ਲੋਕਾਂ ਦੀ ਮੌਤ ਹੋਈ। 30 ਅਪਰੈਲ ਨੂੰ ਪ੍ਰੋਵਿੰਸ ਵਿੱਚ ਇੱਕ ਦਿਨ ਵਿੱਚ, ਭਾਵ 24 ਘੰਟਿਆਂ ਦੇ ਅਰਸੇ ਵਿੱਚ, ਹੋਣ ਵਾਲੀਆਂ ਸੱਭ ਤੋਂ ਵੱਧ (86) ਮੌਤਾਂ ਦਰਜ ਕੀਤੀਆਂ ਗਈਆਂ।

ਸੋਮਵਾਰ ਨੂੰ ਭਾਵੇਂ ਕੋਵਿਡ-19 ਦੇ ਨਵੇਂ ਮਾਮਲਿਆਂ ਵਿੱਚ ਥੋੜ੍ਹਾ ਇਜ਼ਾਫਾ ਤਾਂ ਦਰਜ ਕੀਤਾ ਗਿਆ ਪਰ ਸਿਹਤ ਅਧਿਕਾਰੀਆਂ ਵੱਲੋਂ ਇਸ ਵਾਇਰਸ ਕਾਰਨ ਕਿਸੇ ਮੌਤ ਦਾ ਜ਼ਿਕਰ ਨਹੀਂ ਕੀਤਾ ਗਿਆ। ਅਧਿਕਾਰੀਆਂ ਨੇ ਨੋਵਲ ਕਰੋਨ-ਾਵਾਇਰਸ ਦੇ 154 ਨਵੇਂ ਮਾਮ-ਲਿਆਂ ਦੀ ਪੁਸ਼ਟੀ ਕੀਤੀ। ਐਤਵਾਰ ਨੂੰ ਕੋਵਿਡ-19 ਦੇ 138 ਮਾਮਲੇ ਤੇ ਸ਼ਨਿੱਚਰਵਾਰ ਨੂੰ 121 ਮਾਮਲੇ ਦਰਜ ਕੀਤੇ ਗਏ ਸਨ।

# ਬੌਬ ਰੇਅ ਹੋਣਗੇ ਸੰਯੁਕਤ ਰਾਸ਼ਟਰ ਵਿੱਚ ਕੈਨੇਡਾ ਦੇ ਨਵੇਂ ਅੰਬੈਸਡਰ

...ਪੰਨਾ 1 ਦਾ ਬਾਕੀ

ਇਹ ਵੀ ਮੰਨਿਆ ਜਾ ਰਿਹਾ ਹੈ ਕਿ ਬੌਬ ਰੇਅ ਆਪਣੇ ਪਿਤਾ ਦੇ ਨਕਸ਼ੇ ਕਦਮ ਉੱਤੇ ਚੱਲ ਰਹੇ ਹਨ। ਸੌਲ ਰੇਅ ਵੀ 1972 ਤੋਂ 1976 ਤੱਕ ਸੰਯੁਕਤ ਰਾਸ਼ਟਰ ਵਿੱਚ ਕੈਨੇਡਾ ਦੇ ਅੰਬੈਸਡਰ ਰਹੇ ਸਨ। ਟਰੂਡੋ ਨੇ ਇੱਕ ਬਿਆਨ ਵਿੱਚ ਆਖਿਆ ਕਿ ਬੌਬ ਰੇਅ ਨੇ ਆਪਣੀ ਜ਼ਿੰਦਗੀ ਕੈਨੇਡੀਅਨਾਂ ਤੇ ਸਾਡੇ ਦੇਸ਼ ਦੀ ਸੇਵਾ ਕਰਨ ਲਈ ਸਮਰਪਿਤ ਕੀਤੀ ਹੋਈ ਹੈ। ਉਨ੍ਹਾਂ ਦਾ ਤਜਰਬਾ ਤੇ ਸੋਚ ਸੰਯੁਕਤ ਰਾਸ਼ਟਰ ਵਿੱਚ ਕੈਨੇਡਾ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਰੇਅ, ਮਾਰਕ-ਆਂਦਰੇ ਬਲੈਂਚਰਡ ਦੀ ਥਾਂ ਲੈਣਗੇ। ਅਪਰੈਲ 2016 ਵਿੱਚ ਯੂਐਨ ਵਿੱਚ ਅੰਬੈਸਡਰ ਦਾ ਅਹੁਦਾ ਸਾਂਭਣ ਵਾਲੇ ਬਲੈਂਚਰਡ ਨੇ ਇਸ ਸਾਲ ਦੇ ਸ਼ੁਰੂ ਵਿੱਚ ਟਰੂਡੋ ਨੂੰ ਆਪਣਾ ਅਹੁਦਾ ਛੱਡਣ ਦੇ ਇਰਾਦੇ ਬਾਰੇ ਜਾਣੂ ਕਰਵਾ ਦਿੱਤਾ ਸੀ।

# ਕੈਨੇਡੀਅਨ ਬ੍ਰੌਡਵੇਅ ਸਟਾਰ ਨਿੱਕ ਕੌਰਡਰੋ ਨਹੀਂ ਰਹੇ



ਟੋਰਾਂਟੋ, 6 ਜੁਲਾਈ (ਪੋਸਟ ਬਿਊਰੋ) : ਹੈਮਿਲਟਨ ਵਿੱਚ ਪਲੇ ਵੱਡੇ ਹੋਏ ਥਿਏਟਰ ਸਟਾਰ ਨਿੱਕ ਕੌਰਡਰੋ ਦੀ ਲਾਸ ਏਂਜਲਸ ਵਿੱਚ ਮੌਤ ਹੋ ਗਈ। ਉਹ ਕੋਵਿਡ-19 ਤੋਂ ਪੀੜਤ ਸੀ। ਉਹ 41 ਵਰ੍ਹਿਆਂ ਦਾ ਸੀ।

ਉਸ ਦੀ ਪਤਨੀ, ਜੋ ਕਿ ਡਾਂਸਰ ਤੇ ਪਰਸਨਲ ਟਰੇਨਰ ਹੈ, ਅਮਾਂਡਾ ਕਲੂਟਸ ਨੇ ਆਖਿਆ ਕਿ ਕੌਰਡਰੋ ਦੀ ਮੌਤ ਐਤਵਾਰ ਸਵੇਰੇ ਹੋਈ ਤੇ ਜਿਸ ਸਮੇਂ ਉਸ ਨੇ ਆਖਰੀ ਸਾਹ ਲਏ ਉਸ ਦਾ ਪਰਿਵਾਰ ਉਸ ਦੇ ਨੇੜੇ ਸੀ। ਕਲੂਟਸ ਨੇ ਇਨਸਟਾਗ੍ਰਾਮ ਉੱਤੇ ਲਿਖਿਆ ਕਿ ਨਿੱਕ ਬਹੁਤ ਜ਼ਿੰਦਾਦਿਲ ਸ਼ਖਸੀਅਤ ਸੀ, ਉਸ ਦੇ ਕਈ ਦੋਸਤ ਸਨ, ਉਹ ਹਰ ਕਿਸੇ ਦੀ ਮਦਦ ਲਈ ਤਿਆਰ ਰਹਿੰਦਾ ਸੀ। ਉਹ ਕਮਾਲ ਦਾ ਐਕਟਰ ਤੇ ਸੰਗੀਤਕਾਰ ਸੀ। ਉਹ ਆਪਣੇ ਪਰਿਵਾਰ ਨੂੰ ਬਹੁਤ ਪਿਆਰ ਕਰਦਾ ਸੀ।

ਟੋਨੀ ਐਵਾਰਡ ਲਈ ਨਾਮਜ਼ਦ ਹੋ ਚੁੱਕੇ ਐਕਟਰ, ਗਾਇਕ ਤੇ ਸੰਗੀਤਕਾਰ ਨੂੰ ਸੱਭ ਤੋਂ ਪਹਿਲਾਂ ਨਿਮੋਨੀਆ ਵਰਗੇ ਲੱਛਣਾਂ ਨਾਲ ਅਪਰੈਲ ਵਿੱਚ ਲਾਸ ਏਂਜਲਸ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਡਾਕਟਰਾਂ ਨੂੰ ਲੱਗਿਆ ਕਿ ਉਸ ਦੇ ਲੱਛਣ ਕਰੋਨ-ਾਵਾਇਰਸ ਵਾਲੇ ਹਨ ਤੇ ਇਸ ਲਈ ਉਸ ਦੇ ਤਿੰਨ ਟੈਸਟ ਕਰਵਾਏ ਗਏ। ਪਹਿਲੇ ਦੋ ਟੈਸਟ ਨੈਗੇਟਿਵ ਆਏ ਤੇ ਤੀਜਾ ਟੈਸਟ ਕੋਵਿਡ-19 ਪਾਜ਼ੀਟਿਵ ਆਇਆ।

ਫਿਰ ਹੌਲੀ ਹੌਲੀ ਉਸ ਦੇ ਫੇਫੜੇ ਜਵਾਬ ਦੇ ਗਏ। ਉਸ ਦੇ ਫੇਫੜਿਆਂ ਵਿੱਚ ਮੋਰੀਆਂ ਹੋ ਗਈਆਂ ਜਿਵੇਂ ਕਿ ਉਹ ਲੰਮੇਂ ਸਮੇਂ ਤੋਂ ਸਿਗਰਟਨੋਸ਼ੀ ਕਰ ਰਿਹਾ ਹੋਵੇ ਹਾਲਾਂਕਿ ਉਹ ਸਿਗਰਟਨੋਸ਼ੀ ਨਹੀਂ ਸੀ ਕਰਦਾ। ਉਸ ਦੀ ਲੰਗ ਇਨਫੈਕਸ਼ਨ ਬਹੁਤ ਵੱਧ ਗਈ, ਉਸ ਨੂੰ ਬੀਪੀ ਦੀ ਵੀ ਸਮੱਸਿਆ ਹੋ ਗਈ, ਫਿਰ ਕਲੌਟਿੰਗ ਇਸ਼ੂ ਹੋ ਗਏ ਤੇ ਉਸ ਦੀ ਸੱਜੀ ਲੱਤ ਵੀ ਕੱਟਣੀ ਪੈ ਗਈ।

ਕੌਰਡਰੋ ਨੂੰ ਇੰਟੈਂਸਿਵ ਕੇਅਰ ਯੂਨਿਟ ਵਿੱਚ ਦਿਲ, ਫੇਫੜੇ ਤੇ ਗੁਰਦਿਆਂ ਨੂੰ ਚੱਲਦਾ ਰੱਖਣ ਲਈ ਵੱਖ ਵੱਖ ਮਸ਼ੀਨਾਂ ਉੱਤੇ ਰੱਖਿਆ ਗਿਆ ਸੀ। ਉਹ ਕੋਮਾ ਵਿੱਚ ਵੀ ਗਿਆ ਪਰ ਆਪਣੀ ਮੌਤ ਤੋਂ ਪਹਿਲਾਂ ਉਹ ਵਾਪਿਸ ਆ ਗਿਆ।

# ਓਸ਼ਵਾ ਵਿੱਚ ਘਰ ਨੂੰ ਲੱਗੀ ਅੱਗ, 6 ਵਿਅਕਤੀਆਂ ਨੂੰ ਇਲਾਜ ਲਈ ਲਿਜਾਇਆ ਗਿਆ ਹਸਪਤਾਲ



ਓਸਵਾ, 6 ਜੁਲਾਈ (ਪੋਸਟ ਬਿਊਰੋ) : ਓਸ਼ਵਾ ਵਿੱਚ ਇੱਕ ਘਰ ਵਿੱਚ ਲੱਗੀ ਅੱਗ ਕਾਰਨ ਛੇ ਵਿਅਕਤੀਆਂ ਨੂੰ ਇਲਾਜ ਲਈ ਹਸਪਤਾਲ ਲਿਜ-ਾਇਆ ਗਿਆ। ਓਨਟਾਰੀਓ ਫਾਇਰ ਮਾਰਸ਼ਲ ਆਫਿਸ ਨੂੰ ਇਸ ਮਾਮਲੇ ਦੀ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਇਸ ਘਰ ਵਿੱਚ ਕਿਰਾਏ ਉੱਤੇ ਕਮਰੇ ਦਿੱਤੇ ਜਾਂਦੇ ਸਨ।

ਫਾਇਰ ਅਮਲੇ ਨੇ ਦੱਸਿਆ ਕਿ ਬਲੂਅਰ ਸਟਰੀਟ ਈਸਟ ਨੇੜੇ ਐਲਬਰਟ ਸਟਰੀਟ ਉੱਤੇ ਸਥਿਤ ਘਰ ਵਿੱਚ ਸਵੇਰੇ 7:00 ਵਜੇ ਅੱਗ ਲੱਗਣ ਦੀ ਖਬਰ ਮਿਲਣ ਤੋਂ ਬਾਅਦ ਉਹ ਮੌਕੇ ਉੱਤੇ ਪਹੁੰਚੇ ਤਾਂ ਅੱਗ ਪੂਰੀ ਤਰ੍ਹਾਂ ਭੜਕ ਚੁੱਕੀ ਸੀ। ਫਾਇਰ ਚੀਫ ਡੈਰਿਕ ਕਲਾਰਕ ਨੇ ਦੱਸਿਆ ਕਿ ਮਾਮਲਾ ਉਸ ਸਮੇਂ ਵਿਗੜਦਾ ਲੱਗਿਆ ਜਦੋਂ ਅੱਗ ਨੇੜੇ ਸਥਿਤ ਗੈਸ ਸਟੇਸ਼ਨ ਵੱਲ ਵਧਣ ਲੱਗੀ।

ਮੌਕੇ ਉੱਤੇ ਪਹੁੰਚੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਲਾਰਕ ਨੇ ਆਖਿਆ ਕਿ ਫਾਇਰ ਅਮਲੇ ਨੇ ਅੱਗ ਨੂੰ ਅਗੇ ਵਧਣ ਤੋਂ ਰੋਕ ਲਿਆ। ਪੈਰਾਮੈਡਿਕਸ ਨੇ ਛੇ ਵਿਅਕਤੀਆਂ ਨੂੰ ਹਸਪਤਾਲ ਪਹੁੰਚਾਇਆ। ਇਨ੍ਹਾਂ ਵਿੱਚ ਕਈਆਂ ਨੂੰ ਧੂੰਆਂ ਚੜ੍ਹ ਗਿਆ ਸੀ ਤੇ ਕਈ ਮਾਮੂਲੀ ਝੁਲਸ ਗਏ ਸਨ। ਇੱਕ ਵਿਅਕਤੀ ਦੀ ਹਾਲਤ ਗੰਭੀਰ ਦੱਸੀ ਗਈ। ਸੱਤਵੇਂ ਵਿਅਕਤੀ ਨੂੰ ਕੋਈ ਸਮੱਸਿਆ ਨਹੀਂ ਹੋਈ ਤੇ ਅੱਠਵਾਂ ਵਿਅਕਤੀ, ਜਿਸ ਨੂੰ ਪਹਿਲਾਂ ਲਾਪਤਾ ਮੰਨਿਆ ਜਾ ਰਿਹਾ ਸੀ ਉਹ ਕਿਸੇ ਹੋਰ ਘਰ ਵਿੱਚੋਂ ਮਿਲ ਗਿਆ। ਅਜੇ ਤੱਕ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

## ਤ੍ਰਿਣਮੂਲ ਐੱਮ ਪੀ ਦੇ ਤੱਤੇ ਬੋਲ: ਖਜ਼ਾਨਾ ਮੰਤਰੀ ਨੂੰ 'ਕਾਲੀ ਨਾਗਿਨ' ਕਿਹਾ

ਨਵੀਂ ਦਿੱਲੀ, 6 ਜੁਲਾਈ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਤ੍ਰਿਣਮੂਲ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਕਲਿਆਣ ਬੈਨਰਜੀ ਨੇ ਇੱਕ ਹੱਦਾਂ ਟੱਪਣ ਵਾਲਾ ਬਿਆਨ ਦਾਗ ਦਿੱਤਾ ਹੈ। ਕੱਲ੍ਹ ਏਥੇ ਤ੍ਰਿਣਮੂਲ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਕਲਿਆਣਾ ਬੈਨਰਜੀ ਨੇ ਕੇਂਦਰ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ 'ਕਾਲੀ ਨਾਗਿਨ' ਕਹਿ ਦਿੱਤਾ। ਉਹ ਇੱਕ ਰੈਲੀ ਵਿੱਚ ਬੋਲ ਰਹੇ ਸਨ, ਜਦੋਂ ਉਨ੍ਹਾਂ ਕਿਹਾ ਕਿ ਕਾਲੀ ਨਾਗਿਨ ਦੇ ਕੱਟਣ ਨਾਲ ਜਿਸ ਤਰ੍ਹਾਂ ਲੋਕਾਂ ਦੀ ਮੌਤ ਹੋ ਜਾਂਦੀ ਹੈ, ਉਸੇ ਤਰ੍ਹਾਂ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ ਕਾਰਨ ਲੋਕ ਮਰ ਰਹੇ ਹਨ। ਇਸ ਨੇ ਅਰਥ ਵਿਵਸਥਾ ਨਸ਼ਟ ਕਰ ਦਿੱਤੀ ਹੈ। ਇਸ ਨਾਲ ਹੀ ਤ੍ਰਿਣਮੂਲ ਆਗੂ ਨੇ ਕਿਹਾ ਕਿ ਨਿਰਮਲਾ ਸੀਤਾਰਮਣ ਨੂੰ ਸ਼ਰਮ ਆਉਣੀ ਚਾਹੀਦੀ ਹੈ ਅਤੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਉਹ ਦੇਸ਼ ਦੀ ਅੱਜ ਤੱਕ ਦੀ ਸਭ ਤੋਂ ਖ਼ਰਾਬ ਵਿੱਤ ਮੰਤਰੀ ਸਾਬਤ ਹੋਈ ਹੈ।

ਕਲਿਆਣ ਬੈਨਰਜੀ ਦੇ ਵਿਵਾਦਤ ਬਿਆਨ ਤੋਂ ਬਾਅਦ ਭਾਜਪਾ ਆਗੂ ਸੰਬਿਤ ਪਾਤਰਾ ਨੇ ਮੋੜਵਾ ਵਾਰ ਕਰਦਿਆਂ ਕਿਹਾ ਕਿ ਤ੍ਰਿਣਮੂਲ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਨੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ 'ਕਾਲੀ ਨਾਗਿਨ' ਕਿਹਾ ਹੈ ਤਾਂ ਬੇਹੱਦ ਸ਼ਰਮ ਵਾਲੀ ਗੱਲ ਹੈ। ਉਹ ਬਿਆਨ ਉਸ ਸੂਬੇ ਵਿੱਚ ਦਿੱਤਾ ਗਿਆ ਹੈ ਜਿਥੇ ਹਰ ਘਰ 'ਚ ਦੇਵੀ ਕਾਲੀ ਮਾਂ ਦੀ ਪੂਜਾ ਕੀਤੀ ਜਾਂਦੀ ਹੈ। ਪਾਰਲੀਮੈਂਟ ਮੈਂਬਰ ਕਲਿਆਣ ਬੈਨਰਜੀ ਦਾ ਬਿਆਨ ਨਾ ਸਿਰਫ਼ ਨਸਲਵਾਦੀ, ਬਲਕਿ ਝੂਠਾ ਵੀ ਹੈ। ਪੱਛਮੀ ਬੰਗਾਲ ਦੇ ਬਾਂਕੁਰਾ ਹਲਕੇ ਤੋਂ ਤ੍ਰਿਣਮੂਲ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਕਲਿਆਣ ਬੈਨਰਜੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 2019 ਤੋਂ ਪਹਿਲਾਂ ਇਥੇ ਆਏ ਅਤੇ ਉਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਬਿਹਤਰ ਭਾਰਤ ਬਣਾਉਣਗੇ। ਉਨ੍ਹਾਂ ਆਪਣਾ ਵਾਅਦਾ ਨਿਭਾਇਆ, ਜੀ ਡੀ ਪੀ ਗ੍ਰੋਥ ਡਿੱਗ ਕੇ ਇੱਕ ਫੀਸਦੀ ਹੋ ਗਈ ਹੈ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫ਼ਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton
ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com



ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਬੇਅਦਬੀ ਕੇਸ ਵਿੱਚ ਵਿਸ਼ੇਸ਼ ਜਾਂਚ ਟੀਮ ਨੇ ਡੇਰਾ ਮੁਖੀ ਰਾਮ ਰਹੀਮ ਵੀ ਵਲ੍ਹੇਟਿਆ

## * ਰੋਹਤਕ ਜੇਲ੍ਹ ਵਿੱਚ ਬੰਦ ਡੇਰਾ ਮੁਖੀ ਸਮੇਤ 4 ਦੋਸ਼ੀ ਹੋਰ ਨਾਮਜ਼ਦ

ਫਰੀਦਕੋਟ, 6 ਜੁਲਾਈ, (ਪੋਸਟ ਬਿਊਰੋ)- ਪੰਜ ਸਾਲ ਪਹਿਲਾਂ ਅਕਾਲੀ-ਭਾਜਪਾ ਸਰਕਾਰ ਦੇ ਵਕਤ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਢਲੇ ਕੇਸ ਦੀ ਜਾਂਚ ਲਈ ਬਣਾਈ ਗਈ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐੱਸ ਆਈ ਟੀ) ਨੇ ਅੱਜ ਏਥੇ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚ ਚਲਾਣ ਪੇਸ਼ ਕਰ ਕੇ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ, ਜਿਹੜਾ ਇਸ ਵਕਤ ਹਰਿਆਣਾ ਦੇ ਰੋਹਤਕ ਜ਼ਿਲੇ ਦੀ ਸੋਨਾਰੀਆ ਜੇਲ ਵਿਚ ਬੰਦ ਹੈ, ਦੇ ਨਾਲ ਡੇਰਾ ਨੈਸ਼ਨਲ ਕਮੇਟੀ ਦੇ 3 ਮੈਂਬਰਾਂ ਹਰਸ਼ ਧੂਰੀ, ਪ੍ਰਦੀਪ ਕਲੇਰ ਤੇ ਸੰਦੀਪ ਬਰੇਟਾ ਨੂੰ ਵੀ ਨਾਮਜ਼ਦ ਕਰ ਲਿਆ ਹੈ। ਇਨ੍ਹਾਂ ਸਭ ਦਾ ਸਬੰਧ ਡੇਰਾ ਸਿਰਸਾ ਨਾਲ ਹੈ ਅਤੇ ਇਨ੍ਹਾਂ ਨੂੰ ਮੁੱਢਲੇ ਕੇਸ ਨੰਬਰ 63 ਵਿਚ ਨਾਮਜ਼ਦ ਕੀਤਾ ਗਿਆ ਹੈ।

ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਇੰਚਾਰਜ ਡੀ ਆਈ ਜੀ ਰਣਬੀਰ ਸਿੰਘ ਖੱਟੜਾ ਨੇ ਅੱਜ ਏਥੇ ਦੱਸਿਆ ਕਿ ਡੇਰਾ ਮੁਖੀ ਦੇ ਨਾਲ ਇਸ ਕੇਸ ਵਿੱਚ ਸ਼ਾਮਲ ਕੀਤੇ ਤਿੰਨ ਜਣਿਆਂ ਦੇ ਵਾਰੰਟ ਅਦਾਲਤ ਤੋਂ ਲੈ ਲਏ ਗਏ ਹਨ, ਜਦ ਕਿ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਰੋਹਤਕ ਦੀ ਸੁਨਾਰੀਆ ਜੇਲ ਵਿੱਚੋਂ ਕਾਨੂੰਨ ਅਨੁਸਾਰ ਪ੍ਰੋਡਕਸ਼ਨ ਵਾਰੰਟ ਜਾਰੀ ਹੋਣ ਪਿੱਛੋਂ ਲਿਆਂਦਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪਹਿਲਾਂ ਗ੍ਰਿਫਤਾਰ ਕੀਤੇ ਗਏ 5 ਦੋਸ਼ੀਆਂ ਨੇ ਇਹ ਮੰਨਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਕਰਨ ਲਈ ਉਨ੍ਹਾਂ ਨੂੰ ਸਿਰਸਾ ਡੇਰੇ ਦੇ ਸੀਨੀਅਰ ਆਗੂਆਂ ਵੱਲੋਂ ਫੋਨ ਆਉਂਦੇ ਰਹਿੰਦੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਸ਼ੀਆਂ ਤੋਂ ਪੁੱਛਗਿੱਛ ਦੌਰਾਨ ਉੱਤੇ ਹੋਰ ਵੀ ਖੁਲਾਸੇ ਹੋਣ ਅਤੇ ਕਈ ਲੋਕਾਂ ਦੇ ਨਾਮ ਇਸ ਜੁਰਮ ਵਿੱਚ ਆਉਣ ਦੀ ਆਸ ਹੈ। ਡੀ ਆਈ ਜੀ ਨੇ



ਦੱਸਿਆ ਕਿ ਬੀਤੀ 22 ਅਪ੍ਰੈਲ 2020 ਨੂੰ ਇਸ ਬਾਰੇ ਐੱਸ ਆਈ ਟੀ ਨੂੰ ਜ਼ਿੰਮੇਵਾਰੀ ਮਿਲੀ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਪੂਰੀ ਇਮਾਨਦਾਰੀ ਨਾਲ ਰਿਪੋਰਟ ਪੇਸ਼ ਕਰ ਦਿੱਤੀ ਹੈ।

ਇਸ ਦੌਰਾਨ ਇਸੇ ਬੇਅਦਬੀ ਕੇਸ ਵਿਚ ਐੱਸ ਆਈ ਟੀ ਵਲੋਂ ਪਹਿਲਾਂ ਗ੍ਰਿਫਤਾਰ ਕੀਤੇ ਗਏ ਪੰਜ ਡੇਰਾ ਪ੍ਰੇਮੀਆਂ ਨੂੰ ਅੱਜ ਦੋ ਦਿਨਾ ਪੁਲਸ ਰਿਮਾਂਡ ਖਤਮ ਹੋਣ ਪਿੱਛੋਂ ਸਥਾਨਕ ਡਿਊਟੀ ਮੈਜਿਸਟ੍ਰੇਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿਥੋਂ ਅਦਾਲਤ ਦੇ ਹੁਕਮਾਂ ਉੱਤੇ ਇਨ੍ਹਾਂ ਨੂੰ ਜੇਲ ਭੇਜ ਦਿੱਤਾ ਗਿਆ ਹੈ। ਪੇਸ਼ੀ ਤੋਂ ਪਹਿਲਾਂ ਐੱਸ ਆਈ ਟੀ ਦੀ ਜਾਂਚ ਦੌਰਾਨ ਪਤਾ ਲੱਗਾ ਸੀ ਕਿ ਇਨ੍ਹਾਂ ਪੰਜਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪਿੰਡ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਤੋਂ ਚੋਰੀ ਕਰ ਕੇ ਪਹਿਲਾਂ ਕੋਟਕਪੂਰਾ ਬਲਾਕ ਦੇ ਨਾਮ ਚਰਚਾ ਘਰ ਵਿਖੇ ਲਿਆਂਦਾ ਤੇ ਫਿਰ ਉਸ ਨੂੰ ਪਿੰਡ ਸਿੱਖਾਂਵਾਲਾ ਦੇ ਇਕ ਵਿਅਕਤੀ ਦੇ ਘਰ ਵਿਚ ਲੁਕੋ ਕੇ ਰੱਖਿਆ ਸੀ। ਇਸ ਜਾਂਚ ਦੌਰਾਨ ਇਹ ਤੱਥ ਵੀ ਸਾਹਮਣੇ ਆਏ ਕਿ ਇਨ੍ਹਾਂ ਲੋਕਾਂ ਨੇ ਹੀ ਗੁਰੂਦੁਆਰਾ ਸਾਹਿਬ ਵਿਖੇ ਭੱਦੀ ਸ਼ਬਦਾਵਲੀ ਵਾਲੇ ਪੋਸਟਰ ਲਾਏ ਤੇ ਬਰਗਾੜੀ ਦੀਆਂ ਗਲੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਾਰ ਕੇ ਇਸ ਦੀ ਬੇਅਦਬੀ ਕੀਤੀ ਸੀ।

## ਅੱਜ ਨਾਮਾ

ਹਰ ਕੋਈ ਕਹੇ, ਕੋਰੋਨਾ ਹੈ ਬਹੁਤ ਮਾੜਾ,
ਫਾਸਲਾ ਰੱਖੋ ਦੀ ਗੱਲ ਵੀ ਕਹਿਣ ਬੇਲੀ।
ਕਰ ਲਈ ਇੱਕ ਨੇ ਕਿਤੇ ਜਦ ਪਾਰਟੀ ਤਾਂ,
ਬਾਕੀ ਓਸ ਦੇ ਵਹਿਣ ਵਿੱਚ ਵਹਿਣ ਬੇਲੀ।
ਸੱਦਿਆ ਜਿਨ੍ਹਾਂ ਨੂੰ ਸਾਰੇ ਬਈ ਜਾਣ ਭੱਜੇ,
ਗਲ਼ੇ ਲੱਗਣ ਤੋਂ ਓਥੇ ਨਹੀਂ ਰਹਿਣ ਬੇਲੀ।
ਜਦੋਂ ਫਿਰ ਲਾਗ ਕੋਰੋਨਾ ਦੀ ਜਾਏ ਚੰਬੜ,
ਜੜ੍ਹੀਂ ਘਰ ਦਿਆਂ ਦੇ ਉਹੀ ਬਹਿਣ ਬੇਲੀ।
ਕਾਹਦੀ ਅਕਲ ਜਦ ਜਾਣਦੇ-ਬੁੱਝਦੇ ਵੀ,
ਵਾਦੀਆਂ ਸਕਣ ਨਾ ਅਜੇ ਵੀ ਛੱਡ ਬੇਲੀ।
ਕਰ ਕੇ ਭੁੱਲ ਫਿਰ ਮਾਰਦੇ ਫਿਰਨ ਧਾਂਹੀਂ,
ਲੱਭਦੇ ਡੁੱਬਣ ਨੂੰ ਆਪ ਹਨ ਖੱਡ ਬੇਲੀ।

ਤੀਸ ਮਾਰ ਖਾਂ

# ਲੱਦਾਖ ਵਿੱਚੋਂ ਚੀਨ ਦੀ ਫੌਜ ਪਿੱਛੇ ਹਟਣ ਨਾਲ ਤਨਾਅ ਟਲਿਆ

## * ਚੀਨ ਸਰਕਾਰ ਵੱਲੋਂ ਵੀ ਫੌਜਾਂ ਪਿੱਛੇ ਹਟਾਉਣ ਦੀ ਪੁਸ਼ਟੀ

ਨਵੀਂ ਦਿੱਲੀ/ ਬੀਜਿੰਗ, 6 ਜੁਲਾਈ, (ਪੋਸਟ ਬਿਊਰੋ)- ਪੂਰਬੀ ਲੱਦਾਖ ਵਿੱਚ ਬੀਤੇ ਦੋ ਮਹੀਨਿਆਂ ਤੋਂ ਭਾਰਤ-ਚੀਨ ਵਿੱਚ ਚੱਲਦੇ ਫੌਜੀ ਤਣਾਅ ਨੂੰ ਦੂਰ ਕਰਨ ਲਈ ਕੋਰ ਕਮਾਂਡਰਾਂ ਦੀ ਪਿਛਲੇ ਹਫਤੇ ਹੋਈ ਗੱਲਬਾਤ ਤੋਂ ਬਾਅਦ ਭਾਰਤ ਅਤੇ ਚੀਨ ਨੇ ਸਹਿਮਤੀ ਮੁਤਾਬਕ ਆਪਣੇ ਫੌਜੀਆਂ ਨੂੰ ਪਿੱਛੇ ਹਟਾਉਣਾ ਸ਼ੁਰੂ ਕਰ ਦਿੱਤਾ ਹੈ। ਅੱਜ ਚੀਨ ਨੇ ਆਪਣੀ ਫੌਜ ਕਰੀਬ ਡੇਢ ਕਿਲੋਮੀਟਰ ਪਿੱਛੇ ਹਟਾ ਲਈ ਹੈ ਤੇ ਇਸ ਦੀ ਪੁਸ਼ਟੀ ਚੀਨ ਸਰਕਾਰ ਨੇ ਵੀ ਕੀਤੀ ਹੈ।

ਭਾਰਤ ਸਰਕਾਰ ਦੇ ਰੱਖਿਆ ਮਹਿਕਮੇ ਦੇ ਸੂਤਰਾਂ ਨੇ ਦੱਸਿਆ ਕਿ ਗਲਵਾਨ ਘਾਟੀ ਵਿੱਚ ਪੈਟਰੋਲ ਪੁਆਇੰਟ-14 ਤੋਂ ਚੀਨੀ ਫੌਜੀਆਂ ਨੂੰ ਟੈਂਟ ਅਤੇ ਹੋਰ ਚੀਜਾਂ ਨੂੰ ਹਟਾਉਂਦੇ ਦੇਖਿਆ ਗਿਆ ਹੈ। ਇਸ ਇਲਾਕੇ ਦੇ ਨਾਲ ਹੀ ਹਾਟਸਪ੍ਰਿੰਗ ਅਤੇ ਗੋਗਰਾ ਖੇਤਰਾਂ ਵਿੱਚ ਵੀ ਚੀਨੀ ਫੌਜਾਂ ਅਤੇ ਵਾਹਨਾਂ ਦੀਆਂ ਗਤੀਵਿਧੀਆਂ ਦੇਖੀਆਂ ਗਈਆਂ, ਜਿਹੜੇ ਪਿੱਛੇ ਹਟ ਰਹੇ ਸਨ। ਇਨ੍ਹਾਂ ਉੱਚ ਪੱਧਰੀ ਸੂਤਰਾਂ ਨੇ ਕਿਹਾ ਕਿ ਗਲਵਾਨ ਘਾਟੀ ਵਿੱਚ ਪੈਟਰੋਲ ਪੁਆਇੰਟ-14 ਤੋਂ ਤੰਬੂਆਂ ਅਤੇ ਹੋਰ ਢਾਂਚਿਆਂ ਅਤੇ ਫੌਜਾਂ ਦੇ ਪਿੱਛੇ ਹਟਣ ਤੋਂ ਸੰਕੇਤ ਹੈ ਕਿ ਉਹ ਇਲਾਕੇ ਵਿੱਚ ਡੇਢ ਕਿਲੋਮੀਟਰ ਤੋਂ ਵੱਧ ਪਿੱਛੇ ਹਟ ਸਕਦੇ ਹਨ। ਉਨ੍ਹਾਂ ਕਿਹਾ ਕਿ ਅਜੇ ਇਹ ਪਤਾ ਲਾਉਣਾ ਸੰਭਵ ਨਹੀਂ ਕਿ ਚੀਨੀ ਫੌਜੀ ਕਿੰਨੇ ਦੂਰ ਪਿੱਛੇ ਹਟੇ ਹਨ, ਕਿਉਂਕਿ ਸਮੁੱਚੀ ਜਾਣਕਾਰੀ ਇਸ ਪ੍ਰਕਿਰਿਆ ਦੇ ਪੂਰੀ ਹੋਣ ਤੋਂ ਬਾਅਦ ਮਿਲੇਗੀ। ਗਲਵਾਨ ਘਾਟੀ ਵਿੱਚ ਹਿੰਸਕ ਝੜਪ ਪੈਟਰੋਲ ਪੁਆਇੰਟ-14 ਕੋਲ ਚੀਨ ਵਲੋਂ ਸਰਵੇਲਾਂਸ ਚੌਕੀ ਬਣਾਉਣ ਵੇਲੇ ਭਾਰਤੀ ਫੌਜੀਆਂ ਦੇ ਵਿਰੋਧ ਕਰਨ ਕਰ ਕੇ ਹੋਈ ਸੀ। ਇਸ ਦਾ ਹਾਲੇ ਪਤਾ ਨਹੀਂ ਲੱਗ ਸਕਿਆ ਕਿ ਤਣਾਅ ਘੱਟ ਕਰਨ ਦੀ ਇਹ ਪਹਿਲ ਪੈਂਗੋਂਗ ਤਸੋ ਇਲਾਕੇ, ਅਤੇ ਖਾਸ ਕਰਕੇ ਫਿੰਗਰ ਫੋਰ ਅਤੇ ਫਿੰਗਰ 8 ਖੇਤਰ ਵਿਚ, ਜਿੱਥੇ ਚੀਨ




ਨੇ ਕਾਫੀ ਹੱਦ ਤੱਕ ਆਪਣੀ ਫੌਜ ਵਧਾ ਲਈ ਸੀ, ਵਿੱਚ ਵੀ ਸ਼ੁਰੂ ਹੋਈ ਹੈ ਜਾਂ ਨਹੀਂ।

ਦੂਸਰੇ ਪਾਸੇ ਅੱਜ ਚੀਨ ਨੇ ਇਹ ਮੰਨਿਆ ਹੈ ਕਿ ਭਾਰਤ ਦੇ ਕੇਂਦਰੀ ਸ਼ਾਸਤ ਰਾਜ ਲੱਦਾਖ ਦੇ ਨੇੜੇ ਅਸਲ ਕੰਟਰਲ ਰੇਖਾ ਉੱਤੇ ਦੋਵਾਂ ਦੇਸ਼ਾਂ ਵੱਲੋਂ ਫੌਜਾਂ ਦਾ ਤਨਾਅ ਘਟਾਉਣ ਦੀ ਮਹੱਤਵ ਪੂਰਨ ਪਹਿਲ ਹੋਈ ਹੈ। ਚੀਨੀ ਵਿਦੇਸ਼ ਮੰਤਰਾਲਾ ਨੇ ਇਕ ਬਿਆਨ ਜਾਰੀ ਕਰ ਕੇ ਕਿਹਾ ਕਿ ਭਾਰਤ ਅਤੇ ਚੀਨ ਦੇ ਫੌਜੀ ਕਮਾਂਡਰਾਂ ਵਿਚਾਲੇ ਗੱਲਬਾਤ ਹੋਈ ਹੈ ਅਤੇ ਤਣਾਅ ਨੂੰ ਘਟਾਉਣ ਦੀ ਦਿਸ਼ਾ ਵਿੱਚ ਪ੍ਰਭਾਵੀ ਕਦਮ ਚੁੱਕੇ ਜਾ ਰਹੇ ਹਨ।

## ਜੰਮੂ-ਕਸ਼ਮੀਰ ਦੇ ਸਸਪੈਂਡ ਕੀਤੇ ਹੋਏ ਡੀ ਐੱਸ ਪੀ ਦਵਿੰਦਰ ਸਿੰਘ ਦੇ ਖ਼ਿਲਾਫ਼ ਚਾਰਜਸ਼ੀਟ ਦਾਇਰ

ਨਵੀਂ ਦਿੱਲੀ, 6 ਜੁਲਾਈ, (ਪੋਸਟ ਬਿਊਰੋ)- ਨੈਸ਼ਨਲ ਜਾਂਚ ਏਜੰਸੀ (ਐੱਨ ਆਈ ਏ) ਨੇ ਅੱਜ ਜੰਮੂ-ਕਸ਼ਮੀਰ ਦੀ ਇੱਕ ਵਿਸ਼ੇਸ਼ ਅਦਾਲਤ ਸਾਹਮਣੇ ਜੰਮੂ-ਕਸ਼ਮੀਰ ਪੁਲਸ ਦੇ ਸਸਪੈਂਡ ਕੀਤੇ ਹੋਏ ਡੀ ਐੱਸ ਪੀ ਦਵਿੰਦਰ ਸਿੰਘ ਸਣੇ ਛੇ ਜਣਿਆਂ ਦੇ ਖਿਲਾਫ ਅੱਤਵਾਦੀਆਂ ਨਾਲ ਸਬੰਧ ਰੱਖਣ ਤੇ ਉਨ੍ਹਾਂ ਦੀ ਮਦਦ ਕਰਨ ਦੇ ਦੋਸ਼ ਹੇਠ ਚਾਰਜਸ਼ੀਟ ਦਾਇਰ ਕਰ ਦਿੱਤੀ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਸਸਪੈਂਡ ਕੀਤਾ ਹੋਇਆ ਡੀ ਐੱਸ ਪੀ ਦਵਿੰਦਰ ਸਿੰਘ ਦਿੱਲੀ ਵਿਚਲੇ ਪਾਕਿਸਤਾਨੀ ਹਾਈ ਕਮਿਸ਼ਨ ਦੇ ਕੁਝ ਅਧਿਕਾਰੀਆਂ ਨਾਲ ਵੀ ਸੰਪਰਕ ਰੱਖਦਾ ਰਿਹਾ ਸੀ।



ਦਵਿੰਦਰ ਸਿੰਘ ਦੇ ਨਾਲ ਜਿਨ੍ਹਾਂ ਹੋਰ ਲੋਕਾਂ ਦੇ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਗਈ ਹੈ, ਉਨ੍ਹਾਂ ਵਿੱਚ ਅੱਤਵਾਦੀ ਸੰਗਠਨ ਹਿਜ਼ਬੁਲ ਮੁਜਾਹਿਦੀਨ ਦੇ ਦੋ ਅੱਤਵਾਦੀ ਸਈਦ ਨਾਵੇਦ ਮੁਸ਼ਤਾਕ ਉਰਫ ਨਾਵੇਦ ਬਾਬੂ, ਰਫ਼ੀ ਅਹਿਮਦ ਬਸ਼ੇਰ ਤੇ ਨਾਵੇਦ ਬਾਬੂ ਦੇ ਭਰਾ ਸਈਦ ਇਰਫਾਨ ਅਹਿਮਦ, ਜੰਮੂ ਕਸ਼ਮੀਰ ਦੇ ਐਕਸ ਐੱਲ ਓ ਸੀ ਵਪਾਰੀ ਤਨਵੀਰ ਅਹਿਮਦ ਵਾਨੀ ਅਤੇ ਇਰਫਾਨ ਸੈਫੀ ਮੀਰ ਦੇ ਨਾਂ ਵੀ ਸ਼ਾਮਲ ਹਨ।

ਜਾਂਚ ਏਜੰਸੀ ਦੇ ਇੱਕ ਸੀਨੀਅਰ ਅਫਸਰ ਨੇ ਦੱਸਿਆ ਕਿ ਜੰਮੂ-ਕਸ਼ਮੀਰ ਪੁਲਿਸ ਨੇ ਪਿਛਲੇ ਸਾਲ ਅੱਤਵਾਦੀਆਂ ਨਾਲ ਉਸ ਦੀ ਆਪਣੀ ਕਾਰ ਵਿੱਚ ਜਾਂਦੇ ਡੀ ਐੱਸ ਪੀ ਦਵਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਇਨ੍ਹਾਂ ਲੋਕਾਂ ਤੋਂ ਗੋਲਾ ਬਾਰੂਦ ਵੀ ਮਿ-ਲਆ ਸੀ। ਬਾਅਦ ਵਿਚ ਇਸ ਕੇਸ ਦੀ ਜਾਂਚ ਐੱਨ ਆਈ ਏ ਨੂੰ ਦੇ ਦਿੱਤੀ ਗਈ ਸੀ ਅਤੇ ਐੱਨ ਆਈ ਏ ਨੇ ਇਸ ਜਾਂਚ ਦੌਰਾਨ ਜੰਮੂ-ਕਸ਼ਮੀਰ ਵਿਚ 15 ਤੋਂ ਵੱਧ ਥਾਂਵਾਂ ਉੱਤੇ ਛਾਪੇ ਮਾਰੇ ਅਤੇ ਬਾਰੂਦ ਸਮੇਤ ਕਈ ਮਹੱਤਵ ਪੂਰਨ ਚੀਜ਼ਾਂ ਅਤੇ ਦਸਤਾਵੇਜ਼ ਵੀ ਬਰਾਮਦ ਕੀਤੇ ਸਨ।

# ਮਜੀਠੀਆ ਵੱਲੋਂ ਮੰਤਰੀ ਸੁਖਜਿੰਦਰ ਰੰਧਾਵਾ ਦੇ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ

## * ਵਿਭਾਗ ਵਿੱਚ ਬੀਮਾ ਘੋਟਾਲਾ ਕਰਨ ਦੇ 'ਸਬੂਤ' ਪੇਸ਼



ਚੰਡੀਗੜ੍ਹ, 6 ਜੁਲਾਈ, (ਪੋਸਟ ਬਿਊਰੋ)- ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਅੱਜ ਮੰਗ ਕੀਤੀ ਹੈ ਕਿ ਕੋਆਪਰੇਟਿਵ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਖ਼ਿਲਾਫ਼ ਪਰਚਾ ਦਰਜ ਕੀਤਾ ਜਾਵੇ, ਕਿਉਂਕਿ ਉਸ ਨੇ ਸਾਰੇ ਕਾਨੂੰਨ ਉਲੰਘ ਕੇ ਅਤੇ ਅਫਸਰਾਂ ਵੱਲੋਂ ਲਾਏ ਇਤਰਾਜ਼ਾਂ ਨੂੰ ਰੱਦ ਕਰ ਕੇ ਇਕ ਅਯੋਗ ਬੀਮਾ ਕੰਪਨੀ ਨੂੰ ਠੇਕਾ ਦਿੱਤਾ ਅਤੇ ਇਸ ਵਿੱਚ ਭ੍ਰਿਸ਼ਟਾਚਾਰ ਕੀਤਾ ਹੈ। ਇਹ ਠੇਕਾ ਬੋਲੀ ਦੇਣ ਵਾਲੀ ਇਕਲੌਤੀ ਕੰਪਨੀ ਨੂੰ ਕੋਰੋਨਾ ਵਾਇਰਸ ਦੇ ਖ਼ਿਲਾਫ਼ ਵਿਭਾਗੀ ਮੁਲਾਜ਼ਮਾਂ ਨੂੰ ਮੌਤ ਦੀ ਸੂਰਤ ਵਿਚ ਮੁਆਵਜ਼ੇ ਦਿਵਾਉਣ ਲਈ ਦਿੱਤਾ ਗਿਆ ਹੈ।

ਅੱਜ ਇਥੇ ਪ੍ਰੈੱਸ ਕਾਨਫਰੰਸ ਵਿੱਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕੇਸ ਦੀਆਂ ਸਰਕਾਰੀ ਫਾਈਲਾਂ ਮੀਡੀਆ ਅੱਗੇ ਰੱਖ ਕੇ ਕਿਹਾ ਕਿ ਇਨ੍ਹਾਂ ਵਿਚਲੇ ਸਬੂਤਾਂ ਤੋਂ ਜ਼ਾਹਰ ਹੈ ਕਿ ਇਹ ਭ੍ਰਿਸ਼ਟਾਚਾਰ ਦਾ ਸਪਸ਼ਟ ਕੇਸ ਹੈ। ਉਨ੍ਹਾਂ ਨੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਆਪਣੇ ਆਪ ਨੂੰ ਫੜੇ ਜਾਣ ਤੋਂ ਬਚਾਉਣ ਲਈ ਝੂਠ ਬੋਲਣ ਦਾ ਦੋਸ਼ ਲਾਇਆ ਅਤੇ ਇਸ ਵਿਚ ਰਿਸ਼ਤਵਤਖੋਰੀ ਹੋਣ ਦੇ ਨੁਕਤੇ ਦੱਸ ਕੇ ਕਿਹਾ ਕਿ ਟੈਂਡਰ ਪ੍ਰਕਿਰਿਆ ਲਈ ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ ਵੀ ਸੀ) ਦੇ ਨਿਰਦੇਸ਼ ਵੀ ਨਹੀਂ ਮੰਨੇ ਗਏ ਅਤੇ ਸਰਕਾਰ ਦੇ ਜਨਰਲ ਬੀਮਾ ਨਿਯਮ 2017 ਦੀ ਪਾਲਣਾ ਵੀ ਨਹੀਂ ਕੀਤੀ ਗਈ, ਜਦ ਕਿ ਇਨ੍ਹਾਂ ਨਿਯਮਾਂ ਵਿਚ ਸਾਫ ਕਿਹਾ ਗਿਆ ਹੈ ਕਿ ਬੋਲੀ ਦੇਣ ਵਾਲੀ ਇਕਲੌਤੀ ਕੰਪਨੀ ਨੂੰ ਤਦੇ ਟੈਂਡਰ ਦਿੱਤਾ ਜਾ ਸਕਦਾ ਹੈ, ਜੇ ਉਹ ਇਹ ਸੇਵਾਵਾਂ ਦੇਣ ਦੇ ਸਮਰੱਥ ਇਕਲੌਤੀ ਕੰਪਨੀ ਹੋਵੇ। ਉਨ੍ਹਾਂ ਕਿਹਾ ਕਿ ਰੰਧਾਵਾ ਨੇ ਇਸ ਤੱਥ ਨੂੰ ਅਣਡਿੱਠ ਕੀਤਾ ਹੈ ਕਿ ਕੇਂਦਰ ਸਰਕਾਰ ਦੇ ਨਾਲ ਰਾਜ ਸਰਕਾਰ ਨੇ ਵੀ ਮਹਾਂਮਾਰੀ ਦੌਰਾਨ ਫਰੰਟਲਾਈਨ ਵਰਕਰਾਂ ਦੀ ਡਿਊਟੀ ਉੱਤੇ ਮੌਤ ਹੋਣ ਦੀ ਸੂਰਤ ਵਿਚ ਮੁਆਵਜ਼ੇ ਲਈ ਨਿਰਦੇਸ਼ ਤੈਅ ਕੀਤੇ ਹੋਏ ਹਨ। ਮਜੀਠੀਆ ਨੇ ਕਿਹਾ ਕਿ ਪੰਜਾਬ ਸਰਕਾਰ ਨੇ 8 ਮਈ ਨੂੰ ਇਸ ਸਬੰਧ ਵਿਚ ਇੱਕ ਚਿੱਠੀ ਜਾਰੀ ਕੀਤੀ ਸੀ ਤੇ ਇਸ ਤੋਂ ਸਿਰਫ ਤਿੰਨ ਦਿਨ ਬਾਅਦ 'ਗੋ ਡਿਜਿਟ' ਕੰਪਨੀ ਨੂੰ ਠੇਕਾ ਦੇ ਦਿੱਤਾ ਗਿਆ ਸੀ।

ਬਿਕਰਮ ਸਿੰਘ ਮਜੀਠੀਆ ਨੇ ਕੋਆ-ਪਰੇਟਿਵ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਵਰਤੇ ਢੰਗਾਂ ਬਾਰੇ ਕਿਹਾ ਕਿ ਮੰਤਰੀ ਨੇ ਆਪਣੀ ਹੀ ਬੋਲੀ ਕਮੇਟੀ ਦੇ ਇਤਰਾਜ਼ ਰੱਦ ਕਰ ਦਿੱਤੇ ਸਨ, ਜਦ ਕਿ ਕਮੇਟੀ ਨੇ ਕਿਹਾ ਸੀ ਕਿ ਕਿਉਂਕਿ ਇਹ ਇਕਲੌਤੀ ਫਰਮ ਵੱਲੋਂ ਬੋਲੀ ਦੇਣ ਦਾ ਕੇਸ ਹੈ, ਇਸ ਲਈ ਟੈਂਡਰ ਦੁਬਾਰਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰੰਧਾਵਾ ਨੇ ਦੂਸਰਾ ਉਹ ਇਤਰਾਜ਼ ਰੱਦ ਕਰ ਦਿੱਤਾ, ਜਿਸ ਵਿਚ ਬਣੇ ਹੋਏ ਨਿਯਮਾਂ ਮੁਤਾਬਕ ਈ-ਟੈਂਡਰ ਦੀ ਸਿਫਾਰਸ਼ ਕੀਤੀ ਗਈ ਸੀ ਤੇ ਟੈਂਡਰ ਦਸਤਾਵੇਜ਼ ਪ੍ਰਾਪਤ ਕਰਨ ਲਈ ਇਕ ਈ-ਮੇਲ ਆਈ ਡੀ ਤੈਅ ਕਰਨ ਨੂੰ ਕਿਹਾ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਮੰਤਰੀ ਨੇ ਰਜਿਸਟਰਾਰ ਕੋਆ-ਪਰੇਟਿਵ ਸੋਸਾਈਟੀਜ਼ ਦਾ ਇਹ ਇਤਰਾਜ਼ ਵੀ ਰੱਦ ਕਰ ਦਿੱਤਾ ਕਿ ਟੈਂਡਰ ਦੁਬਾਰਾ ਲਏ ਜਾਣ ਦੀ ਲੋੜ ਹੈ, ਕਿਉਂਕਿ ਇਸ ਕੰਪਨੀ ਦੀਆਂ ਦਰਾਂ ਦੀ ਤੁਲਨਾ ਕਿਸੇ ਹੋਰ ਕੰਪਨੀ ਨਾਲ ਕੀਤੀ ਜਾਣੀ ਸੰਭਵ ਨਹੀਂ।

ਬੀਮਾ ਕੰਪਨੀ 'ਗੋ ਡਿਜਿਟ' ਬਾਰੇ ਬਿਕਰਮ ਸਿੰਘ ਮਜੀਠੀਆ ਨੇ ਦੱਸਿਆ ਕਿ ਇਹ ਕੰਪਨੀ ਠੇਕੇ ਲਈ ਅਯੋਗ ਹੈ, ਕਿਉਂਕਿ ਇਹ ਨਿਯਮਾਂ ਹੇਠ ਜ਼ਰੂਰੀ ਤਿੰਨ ਸਾਲਾਂ ਦੇ ਸਮੇਂ ਤੋਂ ਇੰਸ਼ੋਰੈਂਸ ਰੈਗੂਲੇਟਰੀ ਅਥਾਰਟੀ (ਆਈ ਆਰ ਡੀ ਏ) ਨਾਲ ਰਜਿਸਟਰਡ ਨਹੀਂ ਹੈ। ਉਨ੍ਹਾਂ ਕਿਹਾ ਕਿ ਕੰਪਨੀ ਨੇ ਜਿਹੜੇ ਤੱਥ ਪੰਜਾਬ ਸਰਕਾਰ ਨੂੰ ਪੇਸ਼ ਕੀਤੇ ਹਨ, ਉਹ ਆਈ ਆਰ ਡੀ ਏ ਵੱਲੋਂ ਪ੍ਰਵਾਨਤ ਨਹੀਂ ਹਨ ਅਤੇ ਕੰਪਨੀ ਦੀ ਵਿੱਤੀ ਹਾਲਤ ਇਹ ਹੈ ਕਿ ਇਸ ਨੇ ਪਿਛਲੇ ਸਾਲ ਸਿਹਤ ਖੇਤਰ ਵਿਚ ਮਸਾਂ 36 ਕਰੋੜ ਰੁਪਏ ਦਾ ਕਾਰੋਬਾਰ ਕੀਤਾ ਸੀ। ਉਨ੍ਹਾਂ ਕਿਹਾ ਕਿ ਜੀਵਨ ਬੀਮਾ ਨਿਗਮ (ਐਲ ਆਈ ਸੀ) ਨੇ ਵੀ ਟੈਂਡਰ ਲਈ ਅਪਲਾਈ ਕੀਤਾ ਸੀ, ਪਰ ਇਸ ਉੱਤੇ ਵਿਚਾਰ ਹੀ ਨਹੀਂ ਕੀਤਾ ਗਿਆ, ਜਦ ਕਿ ਹਕੀਕਤ ਇਹ ਹੈ ਕਿ ਐੱਲ ਆਈ ਸੀ ਨੇ ਪਿਛਲੇ ਸਾਲ 1.77 ਲੱਖ ਕਰੋੜ ਰੁਪਏ ਦਾ ਕਾਰੋਬਾਰ ਕੀਤਾ ਸੀ।

## ਕੋਰੋਨਾ ਵਾਇਰਸ ਦੀ ਮਾਰ: ਪੰਜਾਬ ਵਿੱਚ 3 ਹੋਰ ਮਰੀਜ਼ ਮਰਨ ਨਾਲ ਮੌਤਾਂ ਦੀ ਗਿਣਤੀ 168 ਹੋਈ

### * ਫਤਿਹਗੜ੍ਹ ਸਾਹਿਬ ਜ਼ਿਲੇ ਵਿੱਚ ਪਹਿਲੀ ਮੌਤ ਦੀ ਖਬਰ

ਚੰਡੀਗੜ੍ਹ, 6 ਜੁਲਾਈ, (ਪੋਸਟ ਬਿਊਰੋ)- ਪੰਜਾਬ ਵਿਚ ਅੱਜ ਕੋਰੋਨਾ ਵਾਇਰਸ ਦੇ ਕਾਰਨ ਤਿੰਨ ਹੋਰ ਵਿਅਕਤੀਆਂ ਦੀ ਮੌਤ ਹੋ ਗਈ ਹੈ। ਫਤਿਹਗੜ੍ਹ ਸਾਹਿਬ ਜ਼ਿਲੇ ਵਿੱਚ ਅੱਜ ਇੱਕ 53 ਸਾਲਾ ਸ਼ਖਸ ਦੀ ਮੌਤ ਹੋਈ ਹੈ ਅਤੇ ਇਹ ਇਸ ਜ਼ਿਲੇ ਵਿਚ ਇਸ ਮਹਾਮਾਰੀ ਦੇ ਨਾਲ ਪਹਿਲੀ ਮੌਤ ਦੱਸੀ ਗਈ ਹੈ।



ਇਸ ਦੌਰਾਨ ਮਲੇਰਕੋਟਲਾ ਵਿਚ ਕੋਰੋਨਾ ਵਾਇਰਸ ਨਾਲ ਇਕ 60 ਸਾਲਾ ਵਿਅਕਤੀ ਦੀ ਮੌਤ ਹੋਣ ਦੀ ਖਬਰ ਹੈ। ਉਸ ਦੀ ਮੌਤ ਲੁਧਿਆਣਾ ਦੇ ਸੀ ਐੱਮ ਸੀ ਹਸਪਤਾਲ ਵਿਚ ਹੋਈ ਹੈ। ਦੱਸਿਆ ਗਿਆ ਹੈ ਕਿ ਉਹ ਸ਼ੂਗਰ ਦੇ ਨਾਲ ਬਲ਼ੱਡ ਪ੍ਰੈਸ਼ਰ ਦਾ ਵੀ ਮਰੀਜ਼ ਸੀ ਅਤੇ ਕਈ ਦਿਨਾਂ ਤੋਂ ਉਸ ਦਾ ਇਸ ਹਸਪਤਾਲ ਤੋਂ ਇਲਾਜ ਚੱਲ ਰਿਹਾ ਸੀ। ਮਲੇਰਕੋਟਲਾ ਵਿਚ ਕੋਰੋਨਾ ਨਾਲ ਅੱਜ ਤੱਕ 12 ਮੌਤਾਂ ਚੁੱਕੀਆਂ ਹਨ।

ਅੱਜ ਬਠਿੰਡਾ ਵਿਚ ਵੀ ਕੋਰੋਨਾ ਵਾਇਰਸ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ ਹੈ। ਇਨ੍ਹਾਂ ਤਿੰਨਾਂ ਮੌਤਾਂ ਦੇ ਨਾਲ ਪੰਜਾਬ ਵਿੱਚ ਮੌਤਾਂ ਦੀ ਕੁੱਲ ਗਿਣਤੀ 169 ਹੋ ਗਈ ਅਤੇ ਕੋਰੋਨਾ ਦੇ ਕੇਸਾਂ ਦੀ ਗਿਣਤੀ 6300 ਤੋਂ ਟੱਪ ਗਈ ਹੈ।

ਦੂਸਰੇ ਪਾਸੇ ਭਾਰਤ ਵਿੱਚ ਸਭ ਤੋਂ ਵੱਧ 8822 ਮੌਤਾਂ ਮਹਾਰਾਸ਼ਟਰ ਵਿੱਚ ਹੋਈਆਂ ਹਨ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਮੌਤਾਂ ਦੀ ਗਿਣਤੀ 3067 ਦੱਸੀ ਗਈ ਹੈ। ਇਸ ਤੋਂ ਬਿਨਾ ਅੱਜ ਤੱਕ ਗੁਜਰਾਤ ਵਿੱਚ 1943, ਤਾਮਿਲ ਨਾਡੂ ਵਿੱਚ 1510, ਉੱਤਰ ਪ੍ਰਦੇਸ਼ ਵਿੱਚ 785, ਪੱਛਮੀ ਬੰਗਾਲ ਵਿੱਚ 757, ਮੱਧ ਪ੍ਰਦੇਸ਼ ਵਿੱਚ 608 ਅਤੇ ਰਾਜਸਥਾਨ ਵਿੱਚ ਮੌਤਾਂ ਦੀ ਗਿਣਤੀ 456 ਹੋ ਚੁੱਕੀ ਹੈ। ਪੰਜਾਬ ਦੇ ਗਵਾਂਢ ਹਰਿਆਣਾ ਵਿਚ 265 ਮੌਤਾਂ ਹੋਈਆਂ ਹਨ।




Paramjit Deol Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca




"Your neighborhood broker, Call Paramjit Deol Today"

**Mississauga $749,000**

7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades .

**Vaughan $499,000**

3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
7885 Tranmere Dr:Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Misisisauga $749,000**

7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
23 Wilmot St: Sale Of Business With Property Gas Stations in Blandform-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**

Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**647-764-3637**


# ਮ੍ਰਿਤਕ ਨਿਹੰਗ ਅਜੀਤ ਸਿੰਘ ਪੂਹਲਾ ਦੇ ਡੇਰੇ ਉੱਤੇ ਕਬਜ਼ਾ ਕਰਨ ਲਈ ਗੋਲੀਆਂ ਚੱਲ ਗਈਆਂ

*** ਦੋ ਗਰੁੱਪਾਂ ਦੀ ਲੜਾਈ ਵਿੱਚ ਇੱਕ ਨਿਹੰਗ ਦੀ ਮੌਤ**



ਅੰਮ੍ਰਿਤਸਰ, 6 ਜੁਲਾਈ, (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਇਤਹਾਸਕ ਕਸਬਾ ਬਾਬਾ ਬਕਾਲਾ ਵਿੱਚ ਕਤਲ ਕੀਤੇ ਹੋਏ ਨਿਹੰਗ ਅਜੀਤ ਸਿੰਘ ਪੂਹਲਾ ਦੇ ਡੇਰੇ ਉੱਤੇ ਕਬਜ਼ੇ ਲਈ ਅੱਜ ਹੋਈ ਹਿੰਸਕ ਝੜਪ ਵਿੱਚ ਇੱਕ ਨਿਹੰਗ ਸਿੰਘ ਦੀ ਮੌਤ ਹੋ ਗਈ ਅਤੇ ਕੁਝ ਹੋਰ ਗੰਭੀਰ ਜ਼ਖ਼ਮੀ ਹੋ ਗਏ। ਪੁਲਿਸ ਨੇ ਇਸ ਬਾਰੇ ਨਿਹੰਗ ਅਜੀਤ ਸਿੰਘ ਪੂਹਲਾ ਦੇ ਡੇਰੇ ਉੱਤੇ ਹਮਲਾ ਕਰਨ ਵਾਲਿਆਂ ਦੇ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਹਮਲਾਵਰਾਂ ਦਾ ਇੱਕ ਸਾਥੀ ਮਾਰਿਆ ਗਿਆ ਹੈ, ਪਰ ਇਸ ਬਾਰੇ ਪੁਲਿਸ ਅਧਿਕਾਰੀਆਂ ਨੇ ਜਾਂਚ ਦਾ ਹਵਾਲਾ ਦੇ ਕੇ ਕੋਈ ਸੂਚਨਾ ਨਹੀਂ ਦਿੱਤੀ। ਅੰਮ੍ਰਿਤਸਰ ਦਿਹਾਤੀ ਪੁਲਿਸ ਦੇ ਐੱਸ ਐੱਸ ਪੀ ਵਿਕਰਮਜੀਤ ਸਿੰਘ ਦੁੱਗਲ ਨੇ ਇੱਕ ਨਿਹੰਗ ਦੀ ਮੌਤ ਹੋਣ ਦੀ ਪੁਸ਼ਟੀ ਕਰ ਦਿੱਤੀ ਹੈ।

ਕਈ ਸਾਲ ਪਹਿਲਾਂ ਅੰਮ੍ਰਿਤਸਰ ਜੇਲ੍ਹ ਵਿੱਚ ਮਾਰ ਦਿੱਤੇ ਗਏ ਨਿਹੰਗ ਅਜੀਤ ਸਿੰਘ ਪੂਹਲਾ ਦੇ ਭਾਣਜੇ ਦਿਲਪ੍ਰੀਤ ਸਿੰਘ ਡਿੰਪੀ ਨੇ ਇਸ ਸੰਬੰਧ ਵਿੱਚ ਦੱਸਿਆ ਕਿ ਅੱਜ ਸਵੇਰੇ ਉਹ ਆਪਣੇ ਪਰਿਵਾਰ ਨਾਲ ਡੇਰੇ ਵਿਚਲੇ ਘਰ ਵਿੱਚ ਸੌਂ ਰਹੇ ਸਨ ਕਿ ਅਚਾਨਕ ਉਨ੍ਹਾਂ ਨੂੰ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਉਨ੍ਹਾਂ ਬਾਹਰ ਨਿਕਲ ਕੇ ਦੇਖਿਆ ਤਾਂ ਰਣਜੀਤ ਸਿੰਘ ਰਣੀਆਂ ਨਾਂ ਦਾ ਨਿਹੰਗ ਆਪਣੇ ਨਾਲ ਚਾਲੀ ਪੰਜਾਹ ਨਿਹੰਗ ਸਾਥੀਆਂ ਨਾਲ ਹਥਿਆਰਾਂ ਨਾਲ ਲੈਸ ਹੋ ਕੇ ਬਾਹਰ ਖੜ੍ਹਾ ਸੀ ਅਤੇ ਲਗਾਤਾਰ ਉਨ੍ਹਾਂ ਦੇ ਘਰ ਵੱਲ ਗੋਲੀਆਂ ਚਲਾ ਰਿਹਾ ਸੀ। ਘਰ ਵਿੱਚ ਪਹਿਲਾਂ ਤੋਂ ਪੁਲਿਸ ਤਾਇਨਾਤ ਸੀ, ਕਿਉਂਕਿ ਰਣਜੀਤ ਸਿੰਘ ਵੱਲੋਂ ਹਮਲੇ ਦੇ ਖਤਰੇ ਬਾਰੇ ਪਰਿਵਾਰ ਨੂੰ ਡਰ ਸੀ।

ਦੂਸਰੇ ਪਾਸੇ ਥਾਣਾ ਬਿਆਸ ਵਿਖੇ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਨਿਹੰਗ ਰਣਜੀਤ ਸਿੰਘ ਰਣੀਆਂ ਦੇ ਸਾਥੀਆਂ ਨੇ ਦੱਸਿਆ ਕਿ ਰਣਜੀਤ ਸਿੰਘ ਰਣੀਆਂ ਆਪਣੇ ਸਾਥੀਆਂ ਨਾਲ ਅੱਜ ਸਵੇਰੇ ਬਾਬਾ ਬਕਾਲਾ ਸਾਹਿਬ ਦੇ ਗੁਰਦੁਆਰਾ ਸਾਹਿਬ ਵਿੱਚ ਮੱਥਾ ਟੇਕਣ ਗਏ ਸਨ ਅਤੇ ਅਜੀਤ ਸਿੰਘ ਪੂਹਲਾ ਦੇ ਡੇਰੇ ਅੱਗੇ ਕੁਝ ਆਰਾਮ ਕਰਨ ਬੈਠੇ ਤਾਂ ਅਜੀਤ ਸਿੰਘ ਪੂਹਲਾ ਦੇ ਪਰਿਵਾਰਕ ਮੈਂਬਰਾਂ ਨੇ ਅਚਾਨਕ ਫਾਇਰਿੰਗ ਕਰ ਦਿੱਤੀ। ਇਸ ਵਿੱਚ ਸੁਖਰਾਜ ਸਿੰਘ ਨਾਂ ਦਾ ਨਿਹੰਗ ਮਾਰਿਆ ਗਿਆ ਤੇ ਚਾਰ-ਪੰਜ ਨਿਹੰਗ ਜ਼ਖ਼ਮੀ ਹੋਏ ਹਨ। ਨਿਹੰਗ ਰਣਜੀਤ ਸਿੰਘ ਰਣੀਆਂ ਦੇ ਸਾਥੀਆਂ ਨੇ ਦੱਸਿਆ ਕਿ ਇਹ ਡੇਰਾ ਅਜੀਤ ਸਿੰਘ ਪੂਹਲਾ ਦਾ ਹੈ ਤੇ ਜਥੇਦਾਰ ਰਣਜੀਤ ਸਿੰਘ ਰਣੀਆਂ ਲੰਬਾ ਸਮਾਂ ਅਜੀਤ ਸਿੰਘ ਪੂਹਲਾ ਦਾ ਸਾਥੀ ਰਿਹਾ ਹੋਣ ਕਰ ਕੇ ਉਨ੍ਹਾਂ ਦਾ ਹੱਕ ਬਣਦਾ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਪੁਲਿਸ ਨੇ ਉਨ੍ਹਾਂ ਦੇ ਸਾਥੀਆਂ ਨੂੰ ਹਿਰਾਸਤ ਵਿੱਚ ਲਿਆ, ਪਰ ਸਾਡੇ ਮਾਰੇ ਗਏ ਨਿਹੰਗ ਸੁਖਰਾਜ ਸਿੰਘ ਬਾਰੇ ਪੁਲਿਸ ਨੇ ਕੋਈ ਵੀ ਕਾਰਵਾਈ ਨਹੀਂ ਕੀਤੀ।

ਇਸ ਘਟਨਾ ਬਾਰੇ ਬਾਬਾ ਬਕਾਲਾ ਦੇ ਡੀ ਐੱਸ ਪੀ ਹਰਕ੍ਰਿਸ਼ਨ ਸਿੰਘ ਨੇ ਕਿਹਾ ਕਿ ਪੁਲਿਸ ਨੇ ਦਿਲਪ੍ਰੀਤ ਸਿੰਘ ਦੇ ਬਿਆਨਾਂ ਉੱਤੇ ਇਰਾਦਾ ਕਤਲ ਦਾ ਕੇਸ ਦਰਜ ਕਰ ਲਿਆ ਹੈ ਅਤੇ ਸਾਰੇ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866
31 Melanie Dr. Unit #4 Brampton, ON L6T 5H8

FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre

- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-

Karnail Singh

416.670.3173 | 905.799.7333
27 Edvac Dr, Brampton, ON L6S 5X8



NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਰਹਿਮ ਦੀ ਅਪੀਲ ਦਾ ਆਧਾਰ ਕੀ ਹੁੰਦੈ

-ਐੱਮ ਪੀ ਸਿੰਘ ਪਾਹਵਾ-

ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਲੋਕਤੰਤਰ ਦੇ ਤਿੰਨ ਥੰਮ੍ਹ ਮੰਨੇ ਜਾਂਦੇ ਹਨ। ਵਿਧਾਨ ਪਾਲਿਕਾ, ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ ਹੈ। ਪਾਰਲੀਮੈਂਟ ਅਤੇ ਵਿਧਾਨ ਸਭਾ ਦਾ ਕੰਮ ਕਾਨੂੰਨ ਬਣਾਉਣਾ ਹੈ। ਕਾਰਜ ਪਾਲਿਕਾ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਵਾਲੀ ਸਰਕਾਰੀ ਮਸ਼ੀਨਰੀ ਹੈ। ਅਦਾਲਤਾਂ ਇਹ ਵੇਖ ਸਕਦੀਆਂ ਹਨ ਕਿ ਬਣਾਏ ਜਾ ਰਹੇ ਕਾਨੂੰਨ ਪਾਰਲੀਮੈਂਟ, ਵਿਧਾਨ ਸਭਾ ਦੇ ਅਧਿਕਾਰ ਖੇਤਰ ਦੇ ਅਨੁਸ-ਾਰ ਹਨ ਜਾਂ ਨਹੀਂ ਅਤੇ ਇਨ੍ਹਾਂ ਦੇ ਕਾਰਨ ਕਿਸੇ ਮੁੱਢਲੇ ਅਧਿਕਾਰ ਦੀ ਉਲੰਘਣਾ ਤਾਂ ਨਹੀਂ ਹੋ ਰਹੀ। ਇਸ ਤੋਂ ਇਲਾਵਾ ਅਦਾਲਤਾਂ ਵੱਖ-ਵੱਖ ਕਿਸਮ ਦੇ ਕੇਸਾਂ ਦੀ ਸੁਣਵਾਈ ਕਰਨ ਤੋਂ ਬਾਅਦ ਫੈਸਲਾ ਕਰਦੀਆਂ ਹਨ। ਵੱਖ-ਵੱਖ ਕੇਸਾਂ ਨਾਲ ਸੰਬੰਧਤ ਧਿਰਾਂ ਨੂੰ ਹੇਠਲੀਆਂ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਉਪਰਲੀ ਅਦਾਲਤ ਵਿੱਚ ਅਪੀਲ ਜਾਂ ਪਟੀਸ਼ਨ ਦਾਇਰ ਕਰਨ ਦਾ ਕਾਨੂੰਨੀ ਹੱਕ ਹੈ। ਸਰਬ ਉੱਚ ਅਦਾਲਤ ਭਾਵ ਸੁਪਰੀਮ ਕੋਰਟ ਦਾ ਫੈਸਲਾ ਆਖਰੀ ਮੰਨਿਆ ਜਾਂਦਾ ਹੈ, ਜੋ ਸਾਰੀਆਂ ਧਿਰਾਂ ਨੂੰ ਸਵੀਕਾਰਨਾ ਹੁੰਦਾ ਹੈ। ਸੁਪਰੀਮ ਕੋਰਟ ਦੇ ਆਖਰੀ ਫੈਸਲੇ ਤੋਂ ਬਾਅਦ ਵੀ ਮੁਜਰਮ ਜਾਂ ਉਸ ਦੇ ਰਿਸ਼ਤੇਦਾਰਾਂ ਕੋਲ ਇੱਕ ਹੋਰ ਰਾਹ ਹੁੰਦਾ ਹੈ, ਰਹਿਮ ਦੀ ਪਟੀਸ਼ਨ ਦਾ। ਭਾਰਤੀ ਸੰਵਿਧਾਨ ਦੀ ਧਾਰਾ 72 ਅਧੀਨ ਰਾਸ਼ਟਰਪਤੀ ਨੂੰ ਅਧਿਕਾਰ ਹੈ ਕਿ ਉਹ ਕਿਸੇ ਵੀ ਅਪਰਾਧੀ ਦੀ ਸਜ਼ਾ ਨੂੰ ਮੁਆਫ ਕਰ ਸਕਦਾ ਹੈ। ਉਸ ਕੋਲ ਸਜ਼ਾ ਦੀ ਕਿਸਮ ਨੂੰ ਬਦਲਣ ਦਾ ਵੀ ਅਧਿਕਾਰ ਹੈ। ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣਾ ਜਾਂ ਉਮਰ ਕੈਦ ਨੂੰ ਕੁਝ ਨਿਸ਼ਚਿਤ ਸਾਲਾਂ ਦੀ ਸਜ਼ਾ ਵਿੱਚ ਬਦਲਣਾ, ਕਿਸੇ ਸਜ਼ਾ 'ਤੇ ਕੁਝ ਸਮੇਂ ਦੀ ਰੋਕ ਲਾਉਣੀ ਜਾਂ ਉਸ ਨੂੰ ਘਟਾ ਦੇਣਾ ਆਦਿ। ਇਹੀ ਅਧਿਕਾਰ ਧਾਰਾ 161 ਅਧੀਨ ਰਾਜਾਂ ਦੇ ਗਵਰਨਰ ਵੀ ਰੱਖਦੇ ਹਨ। ਫਰਕ ਸਿਰਫ ਇਹ ਹੈ ਕਿ ਗਵਰਨਰ ਦਾ ਅਧਿਕਾਰ ਸਿਰਫ ਉਨ੍ਹਾਂ ਜੁਰਮਾਂ ਲਈ ਹੈ, ਜੋ ਕਿਸੇ ਰਾਜ ਸਰਕਾਰ ਦੇ ਕਾਨੂੰਨ ਨਾਲ ਸੰਬੰਧਤ ਹੋਣ, ਜਦ ਕਿ ਰਾਸ਼ਟਰਪਤੀ ਦਾ ਅਧਿਕਾਰ ਕੇਂਦਰ ਸਰਕਾਰ ਦੇ ਬਣਾਏ ਕਾਨੂੰਨ ਦੀ ਉਲੰਘਣਾ ਨਾਲ ਜੁੜਿਆ ਹੈ।

ਸੰਵਿਧਾਨ ਅਨੁਸਾਰ ਭਾਵੇਂ ਰਾਸ਼ਟਰਪਤੀ ਇਹ ਫੈਸਲਾ ਕਰਨ ਲਈ ਆਜ਼ਾਦ ਮੰਨਿਆ ਜਾਂਦਾ ਹੈ, ਪਰ ਅਸਲ ਵਿੱਚ ਅਜਿਹਾ ਨਹੀਂ ਹੈ। ਰਾਸ਼ਟਰਪਤੀ ਨੇ ਸਾਰੇ ਫੈਸਲੇ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਲੈਣੇ ਹੁੰਦੇ ਹਨ। ਇਸ ਕਰ ਕੇ ਕਿਸੇ ਅਪਰਾਧੀ ਦੀ ਸਜ਼ਾ ਮੁਆਫੀ ਜਾਂ ਸਜ਼ਾ ਬਦਲਣ ਦਾ ਫੈਸਲਾ ਵੀ ਮੰਤਰੀ ਮੰਡਲ ਜਾਂ ਗ੍ਰਹਿ ਮੰਤਰਾਲੇ ਦੀ ਸਲਾਹ ਅਨੁਸਾਰ ਲਿਆ ਜਾਂਦਾ ਹੈ। ਰਹਿਮ ਦੀ ਪਟੀਸ਼ਨ ਕੋਈ ਵੀ ਮੁਜਰਮ, ਉਸ ਦਾ ਕੋਈ ਰਿਸ਼ਤੇਦਾਰ ਜਾਂ ਵਕੀਲ ਦਾਇਰ ਕਰ ਸਕਦਾ ਹੈ। ਇਥੋਂ ਤੱਕ ਕਿ ਕੋਈ ਤੀਜਾ ਵਿਅਕਤੀ ਜਾਂ ਜਥੇਬੰਦੀ ਵੀ ਕਿਸੇ ਮੁਜਰਮ ਦੀ ਸਜ਼ਾ ਮੁਆਫੀ ਲਈ ਰਹਿਮ ਦੀ ਪਟੀਸ਼ਨ ਦਾਇਰ ਕਰ ਸਕਦੀ ਹੈ। ਇਹ ਪਟੀਸ਼ਨ ਰਾਸ਼ਟਰਪਤੀ ਕੋਲ ਜਾਂ ਕੇਂਦਰ ਸਰਕਾਰ ਕੋਲ ਭੇਜੀ ਜਾ ਸਕਦੀ ਹੈ। ਇਹ ਪਟੀਸ਼ਨ ਇੱਕ ਸਾਦਾ ਅਰਜ਼ੀ 'ਚ ਜਾਂ ਚਿੱਠੀ ਦੇ ਰੂਪ ਵਿੱਚ ਹੋ ਸਕਦੀ ਹੈ ਜਾਂ ਪੂਰੇ ਵੇਰਵੇ ਸਹਿਤ ਪਟੀਸ਼ਨ ਵਜੋਂ ਦਾਇਰ ਹੋ ਸਕਦੀ ਹੈ। ਅਜਿਹੀ ਪਟੀਸ਼ਨ ਦਾਇਰ ਕਰਨ ਲਈ ਕੋਈ ਵਿਸ਼ੇਸ਼ ਪ੍ਰੋਫਾਰਮਾ ਨਹੀਂ ਹੈ।

ਰਹਿਮ ਦੀ ਪਟੀਸ਼ਨ ਦੀ ਸੁਣਵਾਈ ਅਤੇ ਨਿਪਟਾਰੇ ਨਾਲ ਕਈ ਹੋਰ ਸਵਾਲ ਵੀ ਜੁੜੇ ਹੋਏ ਹਨ, ਜਿਵੇਂ ਇਸ ਦਾ ਫੈਸਲਾ ਕਰਨ ਲਈ ਕਿਹੜੀਆਂ ਗੱਲਾਂ ਵਿਚਾਰਨ ਯੋਗ ਹਨ। ਇਸ ਦਾ ਫੈਸਲਾ ਕਿੰਨੇ ਸਮੇਂ ਅੰਦਰ ਹੋਣਾ ਚਾਹੀਦਾ ਹੈ? ਕੀ ਸੰਬੰਧਤ ਧਿਰਾਂ ਨੂੰ ਨਿੱਜੀ ਸੁਣਵਾਈ ਦਾ ਮੌਕਾ ਹੋਣਾ ਚਾਹੀਦਾ ਹੈ? ਪਟੀਸ਼ਨ ਮਨਜ਼ੂਰ ਜਾਂ ਰੱਦ ਕਰਨ ਦੇ ਕਾਰਨ ਦੱਸੇ ਜਾਣੇ ਚਾਹੀਦੇ ਹਨ ਜਾਂ ਨਹੀਂ? ਇਨ੍ਹਾਂ ਸਾਰੀਆਂ ਗੱਲਾਂ ਬਾਰੇ ਅਜੇ ਤੱਕ ਕੋਈ ਸਪੱਸ਼ਟ ਅਤੇ ਲਿਖਤੀ ਨੀਤੀ ਨਹੀਂ ਹੈ। ਨਿਰਭੈਆ ਕਤਲ ਕਾਂਡ ਦੇ ਚਰਚਿਤ ਕੇਸ ਦੇ ਮੁੱਖ ਦੋਸ਼ੀਆਂ ਨੂੰ ਭਾਵੇਂ ਫਾਂਸੀ ਲੱਗ ਚੁੱਕੀ ਹੈ, ਪਰ ਇਸ ਵਿੱਚ ਹੋਈ ਦੇਰੀ ਕਾਰਨ ਹਰ ਪਾਸਿਓਂ ਮੰਗ ਉਠ ਰਹੀ ਹੈ ਕਿ ਰਹਿਮ ਦੀਆਂ ਪਟੀਸ਼ਨਾਂ ਦਾਇਰ ਕਰਨ ਅਤੇ ਇਨ੍ਹਾਂ ਦਾ ਨਿਪਟਾਰਾ ਕਰਨ ਦੀ ਨਿਸ਼ਚਿਤ ਸਮਾਂ ਹੱਦ ਹੋਣੀ ਚਾਹੀਦੀ ਹੈ। ਇਸ ਦਾ ਇੱਕ ਮੁੱਖ ਕਾਰਨ ਇਹ ਹੈ ਕਿ ਕਈ ਵਾਰ ਫਾਂਸੀ ਦੀ ਸਜ਼ਾ ਨੂੰ ਅਮਲੀ ਰੂਪ ਦੇਣ ਵਿੱਚ ਦੇਰੀ ਮੁਜਰਮ ਦੀ ਅਪੀਲ/ ਪਟੀਸ਼ਨ ਮਨਜ਼ੂਰ ਹੋ ਜਾਣ ਦਾ ਕਾਰਨ ਬਣ ਜਾਂਦੀ ਹੈ। ਕੁਝ ਫਾਂਸੀ ਦੀ ਸਜ਼ਾ ਵਾਲੇ ਦੋਸ਼ੀ ਫਾਂਸੀ ਦੇ ਫਾਹੇ ਤੋਂ ਇਸ ਕਰ ਕੇ ਬਚ ਨਿਕਲਦੇ ਹਨ ਕਿ ਉਨ੍ਹਾਂ ਨੂੰ ਫਾਂਸੀ ਦੇਣ ਵਿੱਚ ਬੇਲੋੜੀ ਦੇਰ ਹੋ ਗਈ ਸੀ।

ਉੱਤਰ ਪ੍ਰਦੇਸ਼ ਦੇ ਗੋਂਡਾ ਜ਼ਿਲੇ ਦੇ ਸ਼ਿਵ ਕੁਮਾਰ ਤ੍ਰਿਪਾਠੀ ਨਾਂਅ ਦੇ ਸਮਾਜ ਸੇਵੀ ਤੇ ਵਕੀਲ ਨੇ ਸੁਪਰੀਮ ਕੋਰਟ ਵਿੱਚ ਪਿੱਛੇ ਜਿਹੇ ਪਟੀਸ਼ਨ ਦਾਇਰ ਕਰ ਕੇ ਇਹ ਮੁੱਦਾ ਚੁੱਕਿਆ ਹੈ ਕਿ ਰਹਿਮ ਦੀਆਂ ਪਟੀਸ਼ਨਾਂ ਦੇ ਨਿਪਟਾਰੇ ਲਈ ਕੋਈ ਲਿਖਤੀ ਰੂਪ ਵਿੱਚ ਜ਼ਾਬਤਾ ਨਹੀਂ ਹੈ, ਕੋਈ ਮੁਕ-ੱਰਰ ਦਿਸ਼ਾ ਨਿਰਦੇਸ਼ ਨਹੀਂ ਹਨ ਅਤੇ ਨਾ ਕੋਈ ਸਮਾਂ ਹੱਦ ਹੈ। ਇਸ ਲਈ ਇਨ੍ਹਾਂ ਰਹਿਮ ਦੀਆਂ ਪਟੀਸ਼ਨਾਂ ਦੇ ਫੈਸਲੇ ਵਿੱਚ ਬੇਲੋੜੀ ਦੇਰੀ ਹੋ ਜਾਂਦੀ ਹੈ। ਕਈ ਵਾਰ ਰਸੂਖ ਵਾਲੇ ਅਤੇ ਸਿਆਸਤਦਾਨ ਦੋਸ਼ੀ ਇਸ ਦਾ ਲਾਹਾ ਲੈ ਜਾਂਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਪੀੜਤ ਪਰਵਾਰ ਅਤੇ ਉਨ੍ਹਾਂ ਦੇ ਸੰਬੰਧੀ ਆਪਣੇ ਆਪ ਨੂੰ ਠੱਗੇ ਗਏ ਮਹਿਸੂਸ ਕਰਦੇ ਹਨ। ਪਟੀਸ਼ਨਰ ਨੇ ਮੰਗ ਕੀਤੀ ਕਿ ਅਜਿਹੇ ਕੇਸਾਂ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣ। ਰਹਿਮ ਦੀ ਪਟੀਸ਼ਨ ਦਾ ਕੋਈ ਪ੍ਰੋਫਾਰਮਾ ਤੈਅ ਕੀਤਾ ਜਾਵੇ ਤਾਂ ਜੋ ਸਾਰੇ ਲੋੜੀਂਦੇ ਤੱਥ ਪਟੀਸ਼ਨ ਵਿੱਚ ਦਰਜ ਹੋਣ ਤੇ ਕੋਈ ਗੁੰਮਰਾਹ ਨਾ ਹੋਵੇ। ਸੁਪਰੀਮ ਕੋਰਟ ਨੇ ਇਹ ਪਟੀਸ਼ਨ ਸੁਣਵਾਈ ਲਈ ਸਵੀਕਾਰ ਕੀਤੀ ਹੈ, ਪਰ ਸਿਰਫ ਇਹ ਮੁੱਦਾ ਵਿਚਾਰਿਆ ਜਾਣਾ ਹੈ ਕਿ ਕੀ ਗ੍ਰਹਿ ਮੰਤਰਾਲੇ ਨੂੰ ਅਜਿਹੀ ਪਟੀਸ਼ਨ ਰਾਸ਼ਟਰਪਤੀ ਅੱਗੇ ਰੱਖਣ ਲਈ ਸਮਾਂ ਹੱਦ ਮਿਥੀ ਜਾ ਸਕਦੀ ਹੈ। ਕੋਈ ਸ਼ੱਕ ਨਹੀਂ ਕਿ ਰਹਿਮ ਦੀ ਪਟੀਸ਼ਨ ਦਾ ਆਖਰੀ ਫੈਸਲਾ ਰਾਸ਼ਟਰਪਤੀ ਨੇ ਲੈਣਾ ਹੁੰਦਾ ਹੈ, ਪਰ ਇਹ ਵੀ ਸੱਚਾਈ ਹੈ ਰਾਸ਼ਟਰਪਤੀ ਕੋਲ ਭੇਜਣ ਤੋਂ ਪਹਿਲਾਂ ਗ੍ਰਹਿ ਮੰਤਰਾਲੇ ਨੇ ਮਾਮਲੇ ਨੂੰ ਕਈ ਪੱਖਾਂ ਤੋਂ ਵਿਚਾਰਨਾ ਹੁੰਦਾ ਹੈ।

ਹੋ ਸਕਦਾ ਹੈ ਕਿ ਗ੍ਰਹਿ ਮੰਤਰਾਲੇ ਕੋਲ ਅਜੇ ਤੱਕ ਕੋਈ ਲਿਖਤੀ ਜ਼ਾਬਤਾ ਨਾ ਹੋਵੇ ਜਿਸ ਮੁਤਾਬਕ ਇਹ ਪਟੀਸ਼ਨਾਂ ਵਿਚਾਰੀਆਂ ਜਾਣ, ਪਰ ਇਹ ਵੀ ਹਕੀਕਤ ਹੈ ਕਿ ਵੱਖ-ਵੱਖ ਕੇਸਾਂ ਵਿੱਚ ਵੱਖੋ ਵੱਖਰੀਆਂ ਗੱਲਾਂ ਵਿਚਾਰਨ ਯੋਗ ਹੁੰਦੀਆਂ ਹੋਣਗੀਆਂ। ਹਰ ਕੇਸ ਦੇ ਹਾਲਾਤ ਵੱਖੋ-ਵੱਖਰੇ ਹੁੰਦੇ ਹਨ। ਹਰ ਦੋਸ਼ੀ ਦਾ ਪਿਛੋਕੜ ਵੱਖੋ-ਵੱਖ ਹੋ ਸਕਦਾ ਹੈ। ਮੋਟੇ ਤੌਰ 'ਤੇ ਅਜਿਹੀ ਪਟੀਸ਼ਨ ਨਿਪਟਾਰੇ ਪ੍ਰਤੀ ਸਲਾਹ ਦੇਣ ਲਈ ਦੋਸ਼ੀ ਦੀ ਸ਼ਖਸੀਅਤ, ਉਮਰ, ਲਿੰਗ, ਮਾਨਸਿਕ ਹਾਲਤ, ਘਟਨਾ ਦੇ ਹਾਲਾਤ, ਵੇਖਣੇ ਹੁੰਦੇ ਹਨ। ਘਟਨਾ ਦਾ ਸਮਾਜ 'ਤੇ ਪ੍ਰਭਾਵ ਵੀ ਵੇਖਣਾ ਹੁੰਦਾ ਹੈ। ਕਈ ਵਾਰ ਇਹ ਵੀ ਦੇਖਣਾ ਹੁੰਦਾ ਹੈ ਕਿ ਅਦਾਲਤ ਵੱਲੋਂ ਦਿੱਤੇ ਫੈਸਲੇ ਵਿੱਚ ਕਿਸੇ ਸਬੂਤ ਪ੍ਰਤੀ ਸ਼ੰਕਾ ਤਾਂ ਨਹੀਂ ਪ੍ਰਗਟਾਈ ਗਈ। ਅਦਾਲਤੀ ਫੈਸਲੇ ਪਿੱਛੋਂ ਕੋਈ ਹੋਰ ਅਜਿਹਾ ਸਬੂਤ ਤਾਂ ਸਾਹਮਣੇ ਨਹੀਂ ਆ ਰਿਹਾ, ਜੋ ਅਦਾਲਤ ਵਿੱਚ ਪੇਸ਼ ਨਾ ਹੋ ਸਕਿਆ ਹੋਵੇ ਅਤੇ ਜੋ ਫੈਸਲੇ ਨੂੰ ਪ੍ਰਭਾਵਤ ਕਰਨ ਵਾਲਾ ਹੋਵੇ। ਬੈਂਚ ਵਿੱਚ ਬੈਠੇ ਜੱਜ ਸਾਹਿਬਾਨ ਦੇ ਵਿਚਾਰਾਂ ਵਿੱਚ ਕਿਤੇ ਬੇਲੋੜੀ ਦੇਰੀ ਜਾਂ ਫੈਸਲੇ ਵਿੱਚ ਜਲਦਬਾਜ਼ੀ ਤਾਂ ਨਹੀਂ ਹੋਈ। ਇਹ ਠੀਕ ਹੈ ਕਿ ਇਹ ਸਭ ਵਿਚਾਰਨ ਲਈ ਸਮਾਂ ਲੱਗ ਸਕਦਾ ਹੈ। ਜਲਦਬਾਜ਼ੀ ਵਿੱਚ ਦਿੱਤੀ ਗਈ ਕੋਈ ਸਲਾਹ ਕਈ ਵਾਰ ਰਹਿਮ ਦੀ ਪਟੀਸ਼ਨ ਦਾ ਉਦੇਸ਼ ਵੀ ਬੇਮਾਇਨਾ ਕਰ ਸਕਦੀ ਹੈ। ਫਿਰ ਵੀ ਜੇ ਕੇਸ ਨੂੰ ਅੰਤਮ ਰੂਪ ਸਮਾਂ ਹੱਦ ਦੇ ਅੰਦਰ ਦੇ ਦਿੱਤਾ ਜਾਵੇ ਤਾਂ ਨਿਆਂ ਵਿੱਚ ਹੁੰਦੀ ਗੈਰ ਜ਼ਰੂਰੀ ਦੇਰੀ ਨੂੰ ਰੋਕਿਆ ਜਾ ਸਕਦਾ ਹੈ। ਇਸ ਨਾਲ ਸੰਬੰਧਤ ਧਿਰਾਂ ਅਤੇ ਆਮ ਜਨਤਾ ਦਾ ਨਿਆਂ ਪ੍ਰਣਾਲੀ ਪ੍ਰਤੀ ਵਿਸ਼ਵਾਸ ਹੋਰ ਵਧੇਗਾ। ਜੇ ਗ੍ਰਹਿ ਮੰਤਰਾਲਾ ਆਪਣੀ ਸਲਾਹ ਤੈਅ ਸਮੇਂ ਵਿੱਚ ਭੇਜੇਗਾ ਤਾਂ ਸੁਭਾਵਿਕ ਹੈ ਕਿ ਰਾਸ਼ਟਰਪਤੀ ਵੱਲੋਂ ਵੀ ਪਟੀਸ਼ਨ 'ਤੇ ਛੇਤੀ ਅੰਤਿਮ ਫੈਸਲਾ ਲੈਣਾ ਸੌਖਾ ਹੋ ਸਕਦਾ ਹੈ।

ਇਹ ਦੱਸਣਾ ਬਣਦਾ ਹੈ ਕਿ ਰਹਿਮ ਦੀ ਪਟੀਸ਼ਨ 'ਤੇ ਰਾਸ਼ਟਰਪਤੀ ਵੱਲੋਂ ਲਿਆ ਫੈਸਲਾ ਵੀ ਸੁਪਰੀਮ ਕੋਰਟ ਵਿੱਚ ਕੁਝ ਸੀਮਿਤ ਕਾਰਨਾਂ 'ਤੇ ਸੁਣਵਾਈ ਯੋਗ ਹੈ। ਭਾਵੇਂ ਸੁਪਰੀਮ ਕੋਰਟ ਕਦੇ ਫੈਸਲੇ ਦੀ ਮੈਰਿਟ ਨਹੀਂ ਦੇਖਦੀ, ਪਰ ਅਦਾਲਤ ਵਿੱਚ ਜ਼ਰੂਰ ਘੋਖ ਸਕਦੀ ਹੈ ਕਿ ਕੀ ਫੈਸਲਾ ਸਾਰੇ ਪੱਖ ਵਿਚਾਰਨ ਮਗਰੋਂ ਲਿਆ ਗਿਆ ਹੈ, ਬਦਨੀਅਤ ਜਾਂ ਭ੍ਰਿਸ਼ਟਾਚਾਰੀ ਤਰੀਕੇ ਨਾਲ ਤਾਂ ਨਹੀਂ ਕੀਤਾ ਗਿਆ। ਅਦਾਲਤ ਇਹ ਵੇਖ ਸਕਦੀ ਹੈ ਕਿ ਕੀ ਰਾਸ਼ਟਰਪਤੀ ਕੋਲ ਸਾਰੇ ਸੰਬੰਧਤ ਤੱਥ ਰੱਖੇ ਗਏ ਸਨ? ਕੋਈ ਅਹਿਮ ਗੱਲ ਛੁਪਾਈ ਤਾਂ ਨਹੀਂ ਗਈ। ਫੈਸਲਾ ਮਨਮਰਜ਼ੀ 'ਤੇ ਤਾਂ ਆਧਾਰਤ ਨਹੀਂ। ਅਦਾਲਤ ਨੂੰ ਕੋਈ ਅਜਿਹਾ ਕਾਰਨ ਨਜ਼ਰ ਆਵੇ ਤਾਂ ਰਹਿਮ ਦੀ ਪਟੀਸ਼ਨ 'ਤੇ ਰਾਸ਼ਟਰਪਤੀ ਜਾਂ ਗਵਰਨਰ ਦੇ ਫੈਸਲੇ ਨੂੰ ਬਦਲਿਆ ਵੀ ਜਾ ਸਕਦਾ ਹੈ ਅਤੇ ਮਾਮਲਾ ਮੁੜ ਵਿਚਾਰਨ ਲਈ ਕਿਹਾ ਜਾ ਸਕਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

**WAREHOUSE ORDER PICKER** (For a Food distribution company in Scarborough)

**Job Description:**
●Order picking and packing as well as stocking up of shelves.
●Contribute to daily inbound or outbound warehouse operations.
●Palletize and wrap skids, Organize warehouse space, Pick and load orders quickly and accurately and other duties as required.

**Requirements:**
●2 positions, Preferred Experience - 2-3 yrs. in food wholesale/distribution warehouse. Students/New Immigrants Welcome.
●Capable of lifting up to 50lbs
●Able to speak English
●Full time/ Part time Monday - Friday
●Hourly Rate - Order Picker - $18 to $21, depending upon experience.


Please send your resumes by email at siva@srimi.com or by fax at +1 647-351-7157 or Call Ram at +1 647-831-9149 (Morning) or Siva at +1 416-666-8525 (Evening).

ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ। ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ। ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
289-541-5384






A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ



Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host
Iqbal Mahal
Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ●For Marketing 647-656-6648

PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਮਿਹਨਤ ਦੀ ਪੌੜੀ

-ਅਵਤਾਰ ਤਰਕਸ਼ੀਲ ਨਿਊਜ਼ੀਲੈਂਡ

ਸਮਾਂ ਬਹੁਤ ਬਲਵਾਨ ਹੁੰਦਾ ਹੈ। ਇਹ ਸਦਾ ਇੱਕੋ ਜਿਹਾ ਨਹੀਂ ਰਹਿੰਦਾ। ਸਮਾਂ ਬਦਲਣ ਨਾਲ ਮਨੁੱਖ ਦੇ ਹਾਲਾਤ ਵੀ ਬਦਲਦੇ ਹਨ। ਇਨਸਾਨ ਦੀਆਂ ਲੱਖ ਕੋਸ਼ਿਸ਼ਾਂ ਸਮੇਂ ਅਤੇ ਹਾਲਾਤ ਨੂੰ ਇੱਕੋ ਜਿਹਾ ਨਹੀਂ ਰੱਖ ਸਕਦੀਆਂ। ਕਈ ਇਨਸਾਨ ਚੰਗੇ ਹਾਲਾਤ ਵਿੱਚ ਥੋੜ੍ਹੀ ਜਿਹੀ ਮੁਸ਼ਕਲ ਆਉਣ ’ਤੇ ਹੌਸਲਾ ਛੱਡ ਦਿੰਦੇ ਹਨ, ਕਈ ਵੱਡੀ ਤੋਂ ਵੱਡੀ ਮੁਸੀਬਤ ਵਿੱਚ ਵੀ ਆਮ ਵਾਂਗ ਲੱਗਦੇ ਹਨ। ਜਿਹੜੇ ਸਮਝ ਲੈਂਦੇ ਹਨ ਕਿ ਮੁਸੀਬਤਾਂ ਜ਼ਿੰਦਗੀ ਦਾ ਹਿੱਸਾ ਹਨ, ਉਨ੍ਹਾਂ ਨੂੰ ਮੁਸੀਬਤਾਂ ਛੋਟੀਆਂ ਲੱਗਣ ਲੱਗ ਪੈਂਦੀਆਂ ਹਨ। ਮੁਸੀਬਤ ਨੂੰ ਖਿੜੇ ਮੱਥੇ ਟੱਕਰਨ ਦੀ ਆਪਣੀ ਹੱਡ ਬੀਤੀ ਮੈਨੂੰ ਕਦੇ ਨਹੀਂ ਭੁੱਲਦੀ।



ਤਕਰੀਬਨ ਤਿੰਨ ਦਹਾਕੇ ਪੁਰਾਣੀ ਘਟਨਾ ਹੈ। ਮੈਨੂੰ ਨਿਊਜ਼ੀਲੈਂਡ ਆਇਆਂ ਨੂੰ ਅਜੇ ਥੋੜ੍ਹਾ ਸਮਾਂ ਹੋਇਆ ਸੀ। ਅਜੇ ਮੈਨੂੰ ਇਸ ਦੇਸ਼ ਦੇ ਲੋਕਾਂ ਅਤੇ ਇਥੋਂ ਦੇ ਕੰਮਾਂ ਕਾਰਾਂ ਬਾਰੇ ਵੀ ਬਹੁਤੀ ਜਾਣਕਾਰੀ ਨਹੀਂ ਸੀ। ਚੜ੍ਹਦੀ ਜਵਾਨੀ ਵਿੱਚ ਜਦੋਂ ਬਹੁਤੇ ਨੌਜਵਾਨ ਆਪਣੇ ਮਾਂ-ਪਿਓ ਦੀ ਕਮਾਈ ’ਤੇ ਐਸ਼ ਕਰਦੇ ਹੁੰਦੇ ਹਨ, ਉਸ ਵੇਲੇ ਮੈਂ ਨਿਊਜ਼ੀਲੈਂਡ ਦੀ ਧਰਤੀ ’ਤੇ ਆ ਗਿਆ ਸੀ। ਇਥੇ ਨਾ ਆਪਣਾ ਘਰ ਪਰਵਾਰ ਸੀ ਤੇ ਨਾ ਕੋਈ ਰਿਸ਼ਤੇਦਾਰ। ਇਸ ਦੇਸ਼ ਦੀ ਬੋਲੀ ਤੋਂ ਵੀ ਅਣਜਾਣ ਸਾਂ। ਨਾ ਕੋਲ ਪੈਸਾ ਸੀ, ਨਾ ਵਰਕ ਪਰਮਿਟ। ਰੈਣ ਬਸੇਰੇ ਲਈ ਕਿਰਾਇਆ ਦੇਣ ਜੋਗੇ ਪੈਸੇ ਵੀ ਨਹੀਂ ਸਨ। ਵੀਜ਼ਾ ਨਾ ਹੋਣ ਕਰ ਕੇ ਅਜਿਹੇ ਹਾਲਾਤ ਵਿੱਚ ਰੋਟੀ ਪਾਣੀ ਦਾ ਵਸੀਲ ਕਰਨਾ ਅਤੇ ਇਮੀਗਰੇਸ਼ਨ ਤੋਂ ਬਚ ਕੇ ਰਹਿਣਾ ਕੋਈ ਸੌਖਾ ਕੰਮ ਨਹੀਂ ਸੀ। ਹਰ ਰਾਤ ਦੂਜੇ ਦਿਨ ਬਾਰੇ ਸੋਚਣਾ ਪੈਂਦਾ ਹੈ ਕਿ ਕੱਲ੍ਹ ਮੁਸੀਬਤ ਆਉਣ ਤੇ ਕਿਵੇਂ ਨਜਿੱਠਾਂਗਾ? ਫੋਨ ਨਹੀਂ ਹੁੰਦੇ ਸਨ, ਇਸ ਲਈ ਦਿਲ ਦਾ ਦਰਦ ਫਰੋਲਣ ਦਾ ਵੀ ਕੋਈ ਹੀਲਾ-ਵਸੀਲਾ ਨਹੀਂ ਸੀ।

ਉਨ੍ਹਾਂ ਦਿਨਾਂ ਵਿੱਚ ਕਈ ਕਈ ਮੁੰਡੇ ਗਰੁੱਪਾਂ ਵਿੱਚ ਇਕੱਠਾ ਕੰਮ ਕਰਦੇ ਸਨ। ਇੱਕ ਦਿਨ ਸਾਨੂੰ ਨਿਊਜ਼ੀਲੈਂਡ ਵਸਦੇ ਇੱਕ ਪੰਜਾਬੀ ਕਿਸਾਨ ਦੇ ਗੰਢਿਆਂ ਦੇ ਖੇਤ ਵਿੱਚ ਕੰਮ ਮਿਲਿਆ। ਸਾਡਾ ਬਾਰ੍ਹਾਂ ਕੁ ਜਣਿਆਂ ਦਾ ਗਰੁੱਪ ਸੀ। ਉਹ ਪੰਜਾਬੀ ਮਾਲਕ ਸਭ ਨੂੰ ਛੇ ਡਾਲਰ ਘੰਟੇ ਦੇ ਹਿਸਾਬ ਨਾਲ ਦੇਣਾ ਮੰਨਿਆ। ਸਾਰਾ ਦਿਨ ਕੰਮ ਕਰ ਕੇ ਸ਼ਾਮ ਨੂੰ ਪਰਤ ਆਏ। ਘਰ ਆ ਕੇ ਮੋਹਰੀ ਮੁੰਡੇ ਨੇ ਮੈਨੂੰ ਦੱਸਿਆ ਕਿ ਪੰਜਾਬੀ ਮਾਲਕ ਨੇ ਹੌਲੀ ਕੰਮ ਕਰਨ ਕਰ ਕੇ ਮੈਨੂੰ ਕੰਮ ਤੋਂ ਜੁਆਬ ਦੇ ਦਿੱਤਾ ਸੀ। ਕੰਮ ਖੁੱਸਣ ਕਰ ਕੇ ਉਸ ਦਿਨ ਮੈਂ ਫਿਰ ਬੇਰੁਜ਼ਗਾਰ ਹੋ ਗਿਆ। ਖੈਰ, ਇਧਰ ਉਧਰ ਭਟਕਦਿਆਂ ਮੈਨੂੰ ਕੀਵੀ ਫਰੂਟ ਦਾ ਕੰਮ ਮਿਲ ਗਿਆ। ਮਿਹਨਤ ਅਤੇ ਲਗਨ ਨਾਲ ਕਾਫੀ ਸਮਾਂ ਇਹੋ ਕੰਮ ਕਰਦਾ ਰਿਹਾ। ਸਿੱਖਦਾ, ਤਜਰਬੇ ਕਰਦਾ ਕੰਪਨੀ ਨੂੰ ਵੀ ਅੱਗੇ ਤੋਰਦਾ ਰਿਹਾ। ਆਕਲੈਂਡ ਦੀ ਉਹ ਕੰਪਨੀ ਇੱਕ ਦਿਨ ਸ਼ਹਿਰ ਦੀ ਕੀਵੀ ਫਰੂਟ ਦੀ ਸਭ ਤੋਂ ਵੱਡੀ ਕੰਪਨੀ ਬਣ ਗਈ। ਕੰਪਨੀ ਲਈ ਮੇਰੀ ਮਿਹਨਤ ਅਤੇ ਦੇਣ ਸਦਕਾ ਮੈਨੂੰ ਉਸ ਕੰਪਨੀ ਦਾ ਮੈਨੇਜਰ ਬਣਨ ਦਾ ਮੌਕਾ ਪ੍ਰਾਪਤ ਹੋਇਆ।

ਇਤਫਾਕ ਦੇਖੋ, ਮੈਨੂੰ ਆਪਣੇ ਗੰਢਿਆਂ ਵਾਲੇ ਖੇਤ ਵਿੱਚੋਂ ਕੰਮ ਤੋਂ ਜੁਆਬ ਦੇਣ ਵਾਲੇ ਪੰਜਾਬੀ ਕਿਸਾਨ ਨੇ ਕੀਵੀ ਫਰੂਟ ਦਾ ਬਾਗ ਲਾਉਣ ਦਾ ਮਨ ਬਣਾਇਆ। ਬਾਗ ਲਾਉਣ ਲਈ ਸਲਾਹ ਲੈਣ ਲਈ ਉਸ ਨੇ ਸਾਡੀ ਕੰਪਨੀ ਨਾਲ ਸੰਪਰਕ ਕੀਤਾ। ਅੱਗੋਂ ਕੰਪਨੀ ਦਾ ਮੈਨੇਜਰ ਮੈਂ ਸਾਂ। ਉਸ ਨੇ ਸਾਡੇ ਦਫਤਰ ਫੋਨ ਕਰ ਕੇ ਦਫਤਰ ਤੋਂ ਸਲਾਹ ਲਈ ਬੁਕਿੰਗ ਕਰਵਾ ਲਈ। ਦਫਤਰ ਵਿੱਚ ਡਿਊਟੀ ਵਾਲੀ ਔਰਤ ਨੇ ਉਸ ਨੂੰ ਦੱਸ ਦਿੱਤਾ ਕਿ ਮੈਨੇਜਰ ਸਮੇਤ ਸਾਡੀ ਕੰਪਨੀ ਦੇ ਸਾਡੇ ਚਾਰ ਮਾਹਿਰ ਸ਼ਖਸ ਉਹਨੂੰ ਸਲਾਹ ਦੇਣ ਆਉਣਗੇ। ਤੈਨੂੰ ਸਲਾਹ-ਮਸ਼ਵਰੇ ਲਈ ਪ੍ਰਤੀ ਘੰਟਾ ਫੀਸ ਅਦਾ ਕਰਨੀ ਪਵੇਗੀ। ਉਹ ਪੰਜਾਬੀ ਕਿਸਾਨ ਸਹਿਮਤ ਹੋ ਗਿਆ। ਮਿੱਥੇ ਦਿਨ ਉਤੇ ਅਸੀਂ ਚਾਰ ਜਣੇ ਕੰਪਨੀ ਦੀਆਂ ਗੱਡੀਆਂ ਵਿੱਚ ਉਸ ਪੰਜਾਬੀ ਕਿਸਾਨ ਦੇ ਖੇਤ ਚਲੇ ਗਏ। ਮੇਰੇ ਨਾਲ ਦੇ ਤਿੰਨ ਸਾਥੀ ਸਥਾਨਕ ਗੋਰੇ ਸਨ। ਕਿਸਾਨ ਨੇ ਪਹਿਲੀ ਨਜ਼ਰੇ ਹੀ ਮੈਨੂੰ ਪਛਾਣ ਲਿਆ। ਉਹ ਇਹ ਜਾਣ ਕੇ ਹੈਰਾਨ ਹੋਇਆ ਕਿ ਮੈਂ ਏਡੀ ਵੱਡੀ ਫਰੂਟ ਕੰਪਨੀ ਦਾ ਮੈਨੇਜਰ ਕਿੱਦਾਂ ਬਣ ਗਿਆ? ਮੈਨੂੰ ਕਹਿਣ ਲੱਗਾ, ‘ਬਈ ਬੜੀ ਤਰੱਕੀ ਕਰ ਗਿਐਂ?’ ਮੇਰਾ ਜੁਆਬ ਸੀ, ‘ਅੰਕਲ ਜੀ, ਸਭ ਤੁਹਾਡੀ ਮਿਹਰਬਾਨੀ ਸਦਕਾ ਹੈ। ਜੇ ਤੁਸੀਂ ਮੈਨੂੰ ਕੰਮ ਤੋਂ ਜੁਆਬ ਨਾ ਦਿੰਦੇ ਤਾਂ ਮੈਨੂੰ ਮਿਹਨਤ, ਲਗਨ ਅਤੇ ਅੱਗੇ ਵਧਣ ਦੀ ਜਾਗ ਨਹੀਂ ਸੀ ਲੱਗਣੀ।’ ਸ਼ਾਇਦ ਉਹ ਥੋੜ੍ਹੀ ਸ਼ਰਮਿੰਦਗੀ ਮਹਿਸੂਸ ਕਰ ਰਿਹਾ ਸੀ। ਅਸੀਂ ਆਪਣਾ ਕੰਮ ਸ਼ੁਰੂ ਕੀਤਾ। ਹਰ ਦੋ ਘੰਟੇ ਬਾਅਦ ਕੌਫੀ ਵਾਸਤੇ ਰੁਕਦੇ। ਬਾਅਦ ਦੁਪਹਿਰ ਰੋਟੀ ਵਾਸਤੇ ਵੀ ਰੁਕੇ। ਦਿਨ ਭਰ ਅਸੀਂ ਉਸ ਨੂੰ ਸਲਾਹ-ਮਸ਼ਵਰਾ ਦੇਣਾ ਸੀ। ਮਿੱਟੀ ਚੈੱਕ ਕਰ ਕੇ ਸਾਰੀ ਰਿਪੋਰਟ ਤਿਆਰ ਕਰਨੀ ਸੀ। ਇਸ ਕੰਮ ਲਈ ਮੈਨੇਜਰ ਵਜੋਂ ਮੇਰੀ ਫੀਸ 100 ਡਾਲਰ ਪ੍ਰਤੀ ਘੰਟਾ ਸੀ। ਗੱਡੀ ਦਾ ਅਤੇ ਖਾਣੇ ਦਾ ਖਰਚਾ ਵੱਖਰਾ ਸੀ, ਜਿਹੜਾ ਪੰਜਾਬੀ ਮਾਲਕ ਨੂੰ ਹੀ ਅਦਾ ਕਰਨਾ ਪਿਆ।

ਮੈਨੂੰ ਕਈ ਸਾਲ ਪਹਿਲਾਂ ਗੁਜ਼ਰਿਆ ਉਹ ਦਿਨ ਯਾਦ ਆ ਰਿਹਾ ਸੀ, ਜਦ ਉਹ ਮੈਨੂੰ ਖੇਤ ਵਿੱਚ ਕੰਮ ਦੇ ਬਦਲੇ ਛੇ ਡਾਲਰ ਪ੍ਰਤੀ ਘੰਟਾ ਦੇਣ ਤੋਂ ਜੁਆਬ ਦੇ ਗਿਆ ਸੀ, ਪਰ ਅੱਜ 100 ਡਾਲਰ ਪ੍ਰਤੀ ਘੰਟਾ ਦੇਣ ਲਈ ਬੁਲਾ ਕੇ ਲਿਆਇਆ ਸੀ। ਸੋਚ ਰਿਹਾ ਸਾਂ, ਇਹ ਮਿਹਨਤ ਰੂਪੀ ਕਲਾ ਕਰ ਕੇ ਹੀ ਸੰਭਵ ਹੋਇਆ ਹੈ। ਸ਼ਾਮ ਨੂੰ ਤੁਰਨ ਲੱਗੇ ਤਾਂ ਪੰਜਾਬੀ ਕਿਸਾਨ ਕਹਿਣ ਲੱਗਾ, “ਆਪਾਂ ਇੱਕੋ ਮਿੱਟੀ ਦੇ ਜਾਏ ਹਾਂ। ਕਿਸੇ ਦਿਨ ਪਰਵਾਰ ਨੂੰ ਲੈ ਕੇ ਆਵੀਂ। ਆਪਾਂ ਮਿਲ ਬੈਠਾਂਗੇ।”

“ਕੰਪਨੀ ਦੇ ਬਹੁਤ ਰੁਝੇਵੇਂ ਨੇ ਅੰਕਲ ਜੀ, ਫਿਰ ਵੀ ਕੋਸ਼ਿਸ਼ ਕਰਾਂਗਾ।” ਇਹ ਆਖ ਕੇ ਮੈਂ ਆਪਣੇ ਸਾਥੀਆਂ ਨਾਲ ਵਾਪਸ ਮੁੜ ਆਇਆ। ਕੰਪਨੀ ਦੀ ਗੱਡੀ ਵਿੱਚ ਬੈਠਿਆਂ ਮਿਹਨਤ ਦੀ ਪੌੜੀ ਨਾਲ ਜ਼ਿੰਦਗੀ ਵਿੱਚ ਹਾਸਲ ਸਥਾਨ ਮਨ ਮਸਤਕ ਨੂੰ ਸ਼ਰਸਾਰ ਕਰ ਰਿਹਾ ਸੀ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਂਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


# ਕੀ ਨਿਕੰਮੀਆਂ ਸੂਬਾ ਸਰਕਾਰਾਂ ਦੇ ਝੂਠੇ ਵਾਅਦੇ ਦਾ ‘ਸ਼ਿਕਾਰ’ ਬਣਨਗੇ ਮਜ਼ਦੂਰ

-ਐਨ ਕੇ ਸਿੰਘ-

ਪਿੱਠ ਉੱਤੇ ਪਿੱਠੂ, ਸਿਰ ਉੱਤੇ ਪਰਨਾ(ਮੋਦੀ ਮਾਸਕ),, ਜੋ ਕੋਰੋਨਾ ਦੇ ਡਰ ਤੋਂ ਮੂੰਹ ਵੀ ਢੱਕ ਰਿਹਾ ਹੋਵੇ, ਹੱਥ ਵਿੱਚ ਇੱਕ ਸਸਤਾ ਸੂਟਕੇਸ ਅਤੇ ਪੈਰ 'ਚ ਹਵਾਈ ਅੱਡੇ 'ਤੇ ਠੇਕੇਦਾਰ ਰਾਹੀਂ ਤੱਤਕਾਲ ਹਵਾਈ ਟਿਕਟ ਲਈ ਜਹਾਜ਼ 'ਚ ਵੜਦੇ ਮਜ਼ਦੂਰਾਂ ਨੂੰ ਦੇਖ ਭੁਲੇਖਾ ਜਿਹਾ ਪੈਂਦਾ ਹੈ ਕਿ ਸ਼ਾਇਦ ਭਾਰਤ ਬਦਲ ਗਿਆ ਹੈ। ਨਹੀਂ, ਮਜ਼ਦੂਰ ਉਹੀ ਹੈ ਸਿਰਫ ਉਨ੍ਹਾਂ ਦੀ ਕਿਰਤ ਦੀ ਤਾਕਤ ਦਾ ਅਹਿਸਾਸ ਬਦਲ ਗਿਆ ਹੈ। ਇਹ ਜਹਾਜ਼ ਕਿਸੇ ਵੱਡੇ ਉਦਯੋਗਿਕ ਇਲਾਕੇ ਤੋਂ ਵੱਡੀਆਂ-ਵੱਡੀਆਂ ਕੰਪਨੀਆਂ ਨੇ ਭੇਜੇ ਸਨ। ਇਨ੍ਹਾਂ ਕੰਪਨੀਆਂ ਵਿੱਚ ਸਰਕਾਰ ਦੇ ‘ਨਵਰਤਨ’ ਅਦਾਰੇ (ਓ ਐਨ ਜੀ ਸੀ) ਵੀ ਹਨ ਅਤੇ ਨਿੱਜੀ ਖੇਤਰ ਦੀ ਲਾਰਸਨ ਐਂਡ ਟੂਬਰੋ ਕੰਪਨੀ ਵੀ। ਕਾਰਲ ਮਾਰਕਸ ਜੇ ਜ਼ਿੰਦਾ ਹੁੰਦੇ ਤਾਂ ਸਮਝ ਲੈਂਦੇ ਕਿ ਉਨ੍ਹਾਂ ਦਾ ‘ਦੁਨੀਆ ਦੇ ਮਜ਼ਦੂਰੋ, ਇੱਕ ਹੋਵੋ’ ਦਾ ਨਾਅਰਾ ਜਾਂ ਵਰਗ ਸੰਘਰਸ਼ ਨਾਲ ਪਰੋਲੇਤਾਰੀ ਕ੍ਰਾਂਤੀ ਕਰਨ ਦਾ ਸਿਧਾਂਤ ਕਿਉਂ ਪੂਰੀ ਦੁਨੀਆ ਦੇ ਦੇਸ਼ਾਂ ਤੋਂ ਗਾਇਬ ਹੋ ਗਿਆ ਅਤੇ ਕਿਉਂ ਭਾਰਤ ਦੇ ਕਿਰਤੀ, ਜੋ ਜਾਤੀ, ਧਰਮ ਤੇ ਹੋਰ ਸੌੜੀ ਪਛਾਣ ਗਰੁੱਪ 'ਚ ਵੰਡੇ ਸਨ, ਇਕੱਠੇ ਨਹੀਂ ਹੋ ਸਕੇ? ਉਨ੍ਹਾਂ ਨੂੰ ਇਹ ਵੀ ਸਮਝ 'ਚ ਪੈਂਦਾ ਕਿ ਮਜ਼ਦੂਰ ਏਕਤਾ ਦੀ ਨੀਂਹ ‘ਆਮ ਹਿੱਤ’ ਦੀ ਧਾਰਨਾ ਵਿੱਚ ਨਹੀਂ, ‘ਸਭ ਦੇ ਦਰਮਿਆਨ ਆਮ ਖੌਫ’ ਉਤੇ ਟਿਕੀ ਹੈ ਅਤੇ ਕੋਰੋਨਾ ਸੰਕਟ ਦੇ ਨਾਲ ਖੁੱਸੀਆਂ ਨੌਕਰੀਆਂ ਤੋਂ ਬਾਅਦ ਜਿਸ ਤਰ੍ਹਾਂ ਇਹ ਮਜ਼ਦੂਰ ਜਾਨ ਦੀ ਬਾਜ਼ੀ ਲਾ ਕੇ ਘਰ ਵੱਲ ਭੱਜੇ, ਉਹ ਜਿਊਣ ਦੀ ਇੱਛਾ ਦੀ ਸਭ ਤੋਂ ਵੱਡੀ ਧਾਰਨਾ ਹੈ।

ਭਾਰਤ ਦਾ ਉਦਯੋਗਿਕ ਜਗਤ ਭਾਰੀ ਸੰਕਟ ਵਿੱਚ ਹੈ, ਇਸ ਲਈ ਚਾਰਟਰਡ ਪਲੇਨ (ਪੂਰਾ ਜਹਾਜ਼ ਕਿਰਾਏ 'ਤੇ) ਭੇਜ ਕੇ ਇਨ੍ਹਾਂ ਮਜ਼ਦੂਰਾਂ ਨੂੰ ਸੱਦਣਾ ਪਿਆ। ‘ਕਿਰਤੀ ਮਹਿਮਾਨਾਂ’ ਨੂੰ ਨਵਾਂ ਨਾਂਅ ਦਿੱਤਾ ਜਾ ਰਿਹਾ ਹੈ, ਜੋ ਪੂਰੇ ਜਹਾਜ਼ ਦਾ ਕਿਰਾਇਆ ਨਹੀਂ ਦੇ ਸਕਦੇ, ਜਿਵੇਂ ਬਿਲਡਰ ਜਾਂ ਝੋਨਾ ਮਿੱਲ ਦੇ ਮਾਲਕ, ਉਹ ਆਪਸ 'ਚ ਪੂਲ ਕਰਕੇ ਜਹਾਜ਼ ਕਿਰਾਏ 'ਤੇ ਲੈ ਰਹੇ ਹਨ, ਪਰ ਉਹ ਹਰ ਹਾਲ 'ਚ ਅਜੇ ਤੱਕ ਨਫ਼ਰਤ ਨਾਲ ਦੇਖੇ ਜਾ ਰਹੇ ‘ਭਈਆ’ ਜਾਂ ‘ਬਿਹਾਰੀ’ ਵਰਗੇ ਨਾਂਅ ਨਾਲ ਸੱਦੇ ਜਾਣ ਵਾਲੇ ਇਨ੍ਹਾਂ ਮਜ਼ਦੂਰਾਂ ਨੂੰ ਆਪਣੇ ਕਾਰਖਾਨਿਆਂ ਜਾਂ ਕੰਮ ਦੀਆਂ ਥਾਵਾਂ 'ਤੇ ਚਾਹੁੰਦੇ ਹਨ, ਕਿਉਂਕਿ ਉਦਯੋਗ ਦਾ ਪਹੀਆ ਉਨ੍ਹਾਂ ਦੇ ਬਿਨਾਂ ਨਹੀਂ ਚੱਲ ਰਿਹਾ। ਅਚਾਨਕ ਇਨ੍ਹਾਂ ਪ੍ਰਤੀ ਇੰਨਾ ਹਾਂ-ਪੱਖੀ ਭਾਵ ਪੈਦਾ ਹੋ ਗਿਆ ਹੈ ਕਿ ਇਨ੍ਹਾਂ ਨੂੰ ਲਿਆਉਣ ਵਾਲਾ ‘ਦਲਾਲ’, ਜੋ ਸ਼ੋਸ਼ਣ ਦੀ ਵਿਵਸਥਾ 'ਚ ਮਜ਼ਦੂਰਾਂ ਅਤੇ ਮਾਲਕਾਂ ਵਿਚਾਲੇ ਸਭ ਤੋਂ ਮਜ਼ਬੂਤ ਕੜੀ ਹੁੰਦਾ ਹੈ, ਮਜ਼ਦੂਰਾਂ ਨੂੰ ਪੁਰਾਣਾ ਬਕਾਇਆ ਦੇ ਰਿਹਾ ਹੈ, ਮਜ਼ਦੂਰੀ ਵਧਾਉਣ ਦਾ ਵਾਅਦਾ ਕਰ ਰਿਹਾ ਹੈ ਅਤੇ ਅਨੇਕਾਂ ਨਵੇਂ ਲਾਲਚ ਦੇ ਰਿਹਾ ਹੈ। ਮਕਸਦ ਹੈ ‘ਇੱਕ ਵਾਰ ਕੰਮ ’ਤੇ ਪਹੁੰਚ ਜਾਓ’।

ਕਹਿਣਾ ਨਹੀਂ ਹੋਵੇਗਾ ਕਿ ਇਹ ਮਜ਼ਦੂਰ ਜ਼ਿਆਦਾ ਦਿਨ ਆਪਣੇ ਘਰ ਨਹੀਂ ਰਹਿ ਸਕਦੇ। ਉਨ੍ਹਾਂ ਦੀਆਂ ਸੂਬੇ ਦੀਆਂ ਸਰਕਾਰਾਂ ਹੀ ਨਹੀਂ, ਦੇਸ਼ ਦੇ ਪ੍ਰਧਾਨ ਮੰਤਰੀ ਬੇਸ਼ੱਕ ਦਾਅਵਾ ਕਰਨ ਕਿ ‘ਇਹ ਸਾਡੇ ਹਨ ਅਤੇ ਉਨ੍ਹਾਂ ਨੂੰ ਘਰ ਦੇ ਨੇੜੇ ਹੀ ਕੰਮ ਮਿਲੇਗਾ ਅਤੇ ਇਨ੍ਹਾਂ ਦੇ ਹੁਨਰ ਦੀ ਵਰਤੋਂ ਦਿਹਾਤੀ ਭਾਰਤ ਦੇ ਵਿਕਾਸ ਲਈ ਕੀਤੀ ਜਾਵੇਗੀ,’ ਹਕੀਕਤ ਇਹ ਹੈ ਕਿ ਪਿੰਡ ਵਿੱਚ ਨਾ ਉਦਯੋਗ ਹੈ, ਨਾ ਖੇਤੀ ਲਾਭਦਾਇਕ ਧੰਦਾ ਹੈ। ਇਸ ਲਈ ਉਨ੍ਹਾਂ ਨੂੰ ਮਨਰੇਗਾ 'ਚ ਕੁਝ ਦਿਨ ਕੰਮ ਮਿਲਿਆ ਵੀ ਤਾਂ ਉਹ ਉਨ੍ਹਾਂ ਦੀ ਜ਼ਿੰਦਗੀ ਦੀ ਆਰਥਿਕ ਸਮੱਸਿਆ ਦੂਰ ਨਹੀਂ ਕਰ ਸਕੇਗਾ।

ਉਤਰ-ਭਾਰਤ ਦੇ ਛੇ ਰਾਜਾਂ (ਉਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਤੇ ਝਾਰਖੰਡ) ਵਿੱਚੋਂ ਘੱਟੋ- ਘੱਟ ਤਿੰਨ ਮੁੱਖ ਮੰਤਰੀ ਕਹਿ ਰਹੇ ਹਨ ਕਿ ਇਨ੍ਹਾਂ ਮਜ਼ਦੂਰਾਂ ਨੂੰ ਆਪਣੇ ਰਾਜ ਵਿੱਚ ਕੰਮ ਦਿੱਤਾ ਜਾਵੇਗਾ। ਉਨ੍ਹਾਂ ਦਾ ਦਾਅਵਾ ਖੋਖਲਾ ਹੀ ਨਹੀਂ, ਹਾਸੋਹੀਣਾ ਵੀ ਹੈ। ਉਦਯੋਗ ਰਾਤੋ-ਰਾਤ ਨਹੀਂ ਲੱਗਦਾ। ਉਦਯੋਗ ਲਾਉਣ ਵਾਲਾ ਦੇਖਦਾ ਹੈ ਕਿ ਦਿਨ-ਦਿਹਾੜੇ ਅਪਰਾਧੀ ਜੇ ਬੈਂਕ ਲੁੱਟ ਰਹੇ ਹਨ ਜਾਂ ਸਰਕਾਰੀ ਵਿਭਾਗ ਕਾਰੋਬਾਰੀਆਂ ਵੱਲ ‘ਇੱਲ ਦੀ ਨਜ਼ਰ’ ਨਾਲ ਦੇਖਦੇ ਹਨ ਤਾਂ ਉਸ ਸੂਬੇ 'ਚ ਕਦੀ ਵੀ ਉਦਯੋਗ ਨਹੀਂ ਲਾਉਂਦਾ, ਬੇਸ਼ੱਕ ਸਰਕਾਰ ਕਥਿਤ ਤੌਰ 'ਤੇ ਜ਼ਮੀਨ ਮੁਫ਼ਤ 'ਚ ਦੇਵੇ।

ਮਜ਼ਦੂਰ ਵੀ ਜਾਣਦੇ ਹਨ ਕਿ ਉਨ੍ਹਾਂ ਨਾਲ ਕੰਪਨੀਆਂ ਤੇ ਦਲਾਲਾਂ ਦਾ ਇਹ ‘ਮਹਿਮਾਨਾਂ ਵਾਲਾ ਭਾਵ’ ਵਾਲਾ ਵਤੀਰਾ ਸਿਰਫ ਉਦੋਂ ਤੱਕ ਹੈ, ਜਦੋਂ ਤੱਕ ਭੁੱਖ ਨਾਲ ਵਿਲਕਦੇ ਹੋਏ ਜਾਂ ਬੱਚੇ ਨੂੰ ਪੜ੍ਹਾਉਣ ਦੀ ਆਸ ਵਿੱਚ ਜਾਂ ਬੁੱਢੇ ਮਾਂ-ਬਾਪ ਦੇ ਇਲਾਜ ਲਈ ਮੁੜ ਤੋਂ ਪਿੰਡ ਤੋਂ ਭੱਜ ਕੇ ਕਾਫੀ ਤਾਦਾਦ 'ਚ ਇਹ ਮਜ਼ਦੂਰ ਇਨ੍ਹਾਂ ਸ਼ਹਿਰਾਂ 'ਚ ਨਹੀਂ ਪਹੁੰਚਦੇ। ਲੌਕਡਾਊਨ ਤੋਂ ਤੱਤਕਾਲ ਬਾਅਦ ਜਦੋਂ ਪ੍ਰਵਾਸੀ ਮਜ਼ਦੂਰ ਕਰੋੜਾਂ ਦੀ ਗਿਣਤੀ 'ਚ ਜਾਨ ਦੀ ਪ੍ਰਵਾਹ ਨਾ ਕਰ ਕੇ ਪੈਦਲ, ਭੁੱਖੇ ਪੇਟ ਬੱਚੇ ਅਤੇ ਪਤਨੀ ਨੂੰ ਲੈ ਕੇ ਹਜ਼ਾਰਾਂ ਕਿਲੋਮੀਟਰ ਦੂਰ ਆਪਣੇ ਗ੍ਰਹਿ ਸੂਬੇ ਨੂੰ ਜਾਣ ਲੱਗੇ ਤਾਂ ਸਰਕਾਰਾਂ ਨੂੰ ਹਕੀਕਤ ਸਮਝ 'ਚ ਆਈ ਕਿ ਕਿਸ ਤਰ੍ਹਾਂ ਉਤਪਾਦਨ 'ਚ ਬੇਮਿਸਾਲ, ਪਰ ਗੁੰਮਨਾਮ ਭੂਮਿਕਾ ਨਿਭਾਉਣ ਵਾਲੇ ਮਜ਼ਦੂਰਾਂ ਦਾ ਕਾਰੋਬਾਰੀ ਲੋਕ ਸਸਤੀ ਕਿਰਤ ਦੀ ਭਾਲ 'ਚ ਦਲਾਲਾਂ ਰਾਹੀਂ ਕੇਵਲ ਸ਼ੋਸ਼ਣ ਕਰਦੇ ਹਨ। ਸਰਕਾਰ ਨੂੰ ਆਪਣੀ ਇਸ ਕਮੀ ਦਾ ਵੀ ਅਹਿਸਾਸ ਹੋਇਆ ਕਿ ਅੱਜ ਤੱਕ ਇਨ੍ਹਾਂ ਕਰੋੜਾਂ ਕਿਰਤੀਆਂ ਦਾ ਕੋਈ ਰਿਕਾਰਡ ਕਿਸੇ ਵੀ ਸੂਬਾ ਸਰਕਾਰ ਜਾਂ ਕੇਂਦਰ ਕੋਲ ਨਹੀਂ ਹੈ। ਓਦੋਂ ਸਥਿਤੀ ਦੀ ਨਾਜ਼ੁਕਤਾ ਦੇਖਦੇ ਹੋਏ ਸਰਕਾਰ ਨੇ ਐਲਾਨ ਕੀਤਾ ਕਿ ਸਾਰੇ ਗ੍ਰਹਿ ਰਾਜਾਂ ਤੋਂ ਆਉਣ ਦੇ ਬਾਅਦ ਅਤੇ ਰੋਜ਼ੀ-ਰੋਟੀ ਵਾਲੇ ਸੂਬੇ 'ਚ ਪਹੁੰਚਣ ਤੋਂ ਬਾਅਦ ਸਰਕਾਰਾਂ ਵੱਲੋਂ ਉਨ੍ਹਾਂ ਦੀ ਮੈਪਿੰਗ ਕੀਤੀ ਜਾਵੇਗੀ ਅਤੇ ਉਨ੍ਹਾਂ ਦੇ ਕੰਮ ਦਾ ਲੇਖਾ-ਜੋਖਾ ਰੱਖਣ ਤੇ ਉਨ੍ਹਾਂ ਨੂੰ ਉਚਿਤ ਮਜ਼ਦੂਰੀ, ਮੁਫਤ ਇਲਾਜ ਤੇ ਰਿਹਾਇਸ਼ ਦੀ ਵਿਵਸਥਾ ਯਕੀਨੀ ਕੀਤੀ ਜਾਵੇਗੀ। ‘ਸਰਕਾਰ ਇਸ ਦੇ ਲਈ ਕਿਰਤ ਕਾਨੂੰਨ 'ਚ ਤਬਦੀਲੀ ਬਾਰੇ ਵੀ ਸੋਚ ਰਹੀ ਹੈ।' ਕੇਂਦਰ ਸਰਕਾਰ ਹੀ ਨਹੀਂ, ਕਈ ਸੂਬਾ ਸਰਕਾਰਾਂ ਦਾ ਦਾਅਵਾ ਸੀ। ਨਿਤੀਸ਼ ਕੁਮਾਰ (ਬਿਹਾਰ ਦੇ ਮੁੱਖ ਮੰਤਰੀ) ਨੇ ਪਹਿਲੇ ਪੜਾਅ ਵਿੱਚ ਰਾਜਸਥਾਨ 'ਚ ਕੋਚਿੰਗ ਲਈ ਗਏ ਬੱਚਿਆਂ ਨੂੰ ਲੌਕਡਾਊਨ 'ਚ ਵਾਪਸ ਲਿਆਉਣ ਲਈ ਬੱਸਾਂ ਭੇਜਣ ਤੋਂ ਨਾਂਹ ਕਰ ਦਿੱਤੀ, ਉਹੋ ਮਜ਼ਦੂਰਾਂ ਦੇ ਗੁੱਸੇ ਨੂੰ ਆਉਣ ਵਾਲੀਆਂ ਚੋਣਾਂ 'ਚ ਭਿਆਨਕ ਤੌਰ 'ਤੇ ਲੈਣ ਤੋਂ ਡਰਦੇ ਹੋਏ ਬੋਲੇ, “ਇਹ ਸਾਰੇ ਸਾਡੇ ਆਪਣੇ ਹਨ। ਇਨ੍ਹਾਂ ਨੂੰ ਇਥੇ ਕੰਮ ਦੇਵਾਂਗੇ।" ਫਿਲਹਾਲ ਕੇਂਦਰ ਸਰਕਾਰ ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਬਿਹਾਰ 'ਚ ਸੂਬਾ ਸਰਕਾਰ ਨੇ ਇਨ੍ਹਾਂ ਮਜ਼ਦੂਰਾਂ ਨੂੰ ਮੁਫ਼ਤ ਪੰਜ ਕਿਲੋ ਅਨਾਜ ਦਾ ਕੋਟਾ ਤਾਂ ਕੇਂਦਰ ਸਰਕਾਰ ਤੋਂ ਚੁੱਕ ਲਿਆ, ਪਰ ਮਈ ਵਿੱਚ ਮੁਫ਼ਤ ਅਨਾਜ ਸਿਰਫ 2.13 ਫੀਸਦੀ ਮਜ਼ਦੂਰਾਂ ਨੂੰ ਦਿੱਤਾ ਗਿਆ ਅਤੇ ਜੂਨ 'ਚ ਇੱਕ ਵੀ ਮਜ਼ਦੂਰ ਨੂੰ ਨਹੀਂ।

ਅੱਜ ਜਦੋਂ ਇੱਕ ਵਾਰ ਫਿਰ ਉਨ੍ਹਾਂ ਮਜ਼ਦੂਰਾਂ ਨੇ ਭੁੱਖ, ਬੇਰੋਜ਼ਗਾਰੀ, ਬੱਚਿਆਂ ਦੀ ਸਿੱਖਿਆ ਲਈ ਉਨ੍ਹਾਂ ਹੀ ਸ਼ਹਿਰਾਂ, ਉਦਯੋਗਿਕ ਨਗਰਾਂ ਅਤੇ ਰਾਜਾਂ ਦਾ ਰੁਖ ਕੀਤਾ ਹੈ ਜਿਥੇ ਉਨ੍ਹਾਂ ਨੂੰ ਵੱਧ ਮਜ਼ਦੂਰੀ ਮਿਲਦੀ ਹੈ, ਕੀ ਹੋਇਆ ਸਰਕਰਾ ਦੀ ਮੈਪਿੰਗ ਅਤੇ ਵੱਡੇ-ਵੱਡੇ ਐਲਾਨਾਂ ਦਾ? ਕੀ ਫਿਰਾਂ ਮਜ਼ਦੂਰ ਕਿਸੇ ਅਗਲੇ ਲੌਕਡਾਊਨ ਦੇ ਡਰ 'ਚ ਜੋਕ ਬਣੇ ਕਾਰਖਾਨੇਦਾਰ-ਦਲਾਲ ਗੱਠਜੋੜ ਦਾ ਸ਼ਿਕਾਰ ਬਣੇ ਰਹਿਣਗੇ ਜਾਂ ‘ਘਰ’ ਵਾਪਸ ਪਰਤ ਕੇ ਨਿਕੰਮੀਆਂ ਸੂਬਾ ਸਰਕਾਰਾਂ ਦੇ ਝੂਠੇ ਵਾਅਦਿਆਂ ਦਾ ਸ਼ਿਕਾਰ ਬਣਨਗੇ।

# ‘ਪ੍ਰੰਪਰਾ ਦਾ ਡੰਡਾ’ ਹਮੇਸ਼ਾ ਔਰਤਾਂ ਦੀ ਪਿੱਠ 'ਤੇ ਕਿਉਂ ਵੱਜਦੈ

-ਕਸ਼ਮਾ ਸ਼ਰਮਾ-

ਬੀਤੇ ਹਫਤੇ ਆਸਾਮ ਹਾਈ ਕੋਰਟ ਨੇ ਫੈਸਲਾ ਦਿੱਤਾ ਹੈ ਕਿ ਜੇ ਕੋਈ ਔਰਤ ਸਿੰਧੂਰ, ਬਿੰਦੀ ਨਹੀਂ ਲਾਉਂਦੀ ਅਤੇ ਚੂੜੀਆਂ ਪਹਿਨਣ ਤੋਂ ਨਾਂਹ ਕਰਦੀ ਹੈ ਤਾਂ ਇਸ ਦਾ ਅਰਥ ਇਹ ਹੈ ਕਿ ਉਹ ਵਿਆਹ ਨੂੰ ਨਹੀਂ ਮੰਨਦੀ ਅਤੇ ਇਸ ਆਧਾਰ 'ਤੇ ਪਤੀ ਉਸ ਨੂੰ ਤਲਾਕ ਦੇ ਸਕਦਾ ਹੈ। ਅਦਾਲਤ ਨੇ ਪਰਵਾਰਕ ਅਦਾਲਤ ਦਾ ਉਹ ਫੈਸਲਾ ਰੱਦ ਕਰ ਦਿੱਤਾ, ਜਿਸ 'ਚ ਇਨ੍ਹਾਂ ਕਾਰਨਾਂ ਕਰ ਕੇ ਤਲਾਕ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ ਸੀ। ਪਰਵਾਰਕ ਅਦਾਲਤ ਨੇ ਕਿਹਾ ਸੀ ਕਿ ਪਤਨੀ ਨੇ ਪਤੀ ਨਾਲ ਕੋਈ ਜ਼ੁਲਮ ਨਹੀਂ ਕੀਤਾ, ਇਸ ਲਈ ਤਲਾਕ ਨਹੀਂ ਦਿੱਤਾ ਜਾ ਸਕਦਾ। ਇਨ੍ਹਾਂ ਦੋਵਾਂ ਦਾ ਵਿਆਹ ਫਰਵਰੀ 2012 'ਚ ਹੋਇਆ ਸੀ ਪਰ ਜੂਨ 2013 ਤੋਂ ਦੋਵੇਂ ਪਤੀ-ਪਤਨੀ ਅਲੱਗ ਰਹਿ ਰਹੇ ਸਨ।

ਸਮਝ 'ਚ ਨਹੀਂ ਆਉਂਦਾ ਕਿ ਏਦਾਂ ਦਾ ਫੈਸਲਾ ਹਾਈ ਕੋਰਟ ਨੇ ਕੀ ਸੋਚ ਕੇ ਦਿੱਤਾ? ਸਿੰਦੂਰ, ਬਿੰਦੀ, ਚੂੜੀਆਂ ਸਮਾਜ ਦੇ ਸਾਹਮਣੇ ਇਹ ਐਲਾਨ ਹੈ ਕਿ ਇਸ ਔਰਤ ਦਾ ਵਿਆਹ ਹੋ ਚੁੱਕਾ ਹੈ। ਇਸ ਪ੍ਰਤੀਕ ਹੀ ਹਨ ਜਿਨ੍ਹਾਂ ਨੂੰ ਔਰਤਾਂ ਲਈ ਤੈਅ ਕੀਤਾ ਗਿਆ। ਔਰਤਾਂ ਦੇ ਮੁੱਦਿਆਂ ਦੀ ਗੱਲ ਕਰਨ ਵਾਲੇ ਪੁੱਛ ਸਕਦੇ ਹਨ ਕਿ ਆਖੀਰ ਅਜਿਹੇ ਪ੍ਰਤੀਕਾਂ ਨੂੰ ਸਿਰਫ ਔਰਤਾਂ ਦੇ ਮੱਥੇ ਕਿਉਂ ਮੜ੍ਹ ਦਿੱਤਾ ਗਿਆ। ਉਨ੍ਹਾਂ ਨੂੰ ਹੀ ਇਹ ਕਿਉਂ ਦੱਸਣਾ ਪਵੇਗਾ ਕਿ ਉਹ ਵਿਆਹੀਆਂ ਹਨ ਜਾਂ ਕੁਆਰੀਆਂ। ਇਨ੍ਹੀਂ ਦਿਨੀਂ ਵੱਡੀ ਗਿਣਤੀ ਵਿੱਚ ਕੰਮ-ਕਾਜੀ ਔਰਤਾਂ ਦਫਤਰ ਦੇ ਦਿੱਤੇ ਡਰੈਸ ਕੋਡ ਦੀ ਪਾਲਣਾ ਕਰਦੀਆਂ ਹਨ, ਨਾ ਕਿ ਰੀਤੀ-ਰਿਵਾਜ਼ਾਂ ਦੇ ਨਾਂ ਉੱਤੇ ਚੀਜ਼ਾਂ ਉਨ੍ਹਾਂ 'ਤੇ ਠੋਸੀਆਂ ਗਈਆਂ ਹਨ। ਉਂਜ ਸਿੰਦੂਰ, ਬਿੰਦੀ ਆਦਿ ਉਸ ਸਮੇਂ ਦੇ ਸ਼ਿੰਗਾਰ ਦੇ ਪਹਿਰਾਵੇ ਹਨ। ਬਦਲਦੇ ਸਮੇਂ ਦੇ ਨਾਲ ਜੇ ਔਰਤਾਂ ਦੀਆਂ ਰੁੱਚੀਆਂ ਅਤੇ ਸਜਣ-ਫੱਬਣ ਦੇ ਤੌਰ-ਤਰੀਕੇ ਬਦਲ ਗਏ ਹਨ ਤਾਂ ਇਹ ਉਨ੍ਹਾਂ ਦੀ ਰੁਚੀ-ਅਰੁਚੀ ਦਾ ਮਾਮਲਾ ਹੈ। ਇਹ ਕਿਵੇਂ ਮੰਨ ਲਿਆ ਜਾਵੇ ਕਿ ਇਨ੍ਹਾਂ ਪਹਿਰਾਵਿਆਂ ਦੀ ਵਰਤੋਂ ਔਰਤਾਂ ਨਹੀਂ ਕਰਦੀਆਂ ਤਾਂ ਉਹ ਵਿਆਹ ਤੋਂ ਹੀ ਇਨਕਾਰ ਕਰ ਰਹੀਆਂ ਹਨ।

ਰੀਤੀ-ਰਿਵਾਜ਼ ਤਦ ਤੱਕ ਚੰਗੇ ਲੱਗਦੇ ਹਨ, ਜਦ ਉਨ੍ਹਾਂ ਨੂੰ ਭਾਉਂਦੇ ਹੋਣ ਅਤੇ ਜੋ ਉਨ੍ਹਾਂ ਦੀ ਪਾਲਣਾ ਕਰ ਰਹੇ ਹਨ। ਇਨ੍ਹਾਂ ਨੂੰ ਕਿਸੇ 'ਤੇ ਜ਼ਬਰਦਸਤੀ ਤਾਂ ਮੜ੍ਹਿਆ ਨਹੀਂ ਜਾ ਸਕਦਾ। ਸਵੇਰ ਵੇਲੇ ਆਪਣੇ ਨੇੜੇ-ਤੇੜੇ ਝਾਤੀ ਮਾਰੋ। ਸੈਂਕੜੇ ਜੋੜੇ ਅਜਿਹੇ ਦਿੱਸਣਗੇ ਜੋ ਕੰਮ 'ਤੇ ਜਾ ਰਹੇ ਹਨ। ਇਨ੍ਹਾਂ 'ਚੋਂ ਸ਼ਾਇਦ ਹੀ ਕਿਸੇ ਲੜਕੀ ਦੇ ਮੱਥੇ 'ਤੇ ਬਿੰਦੀ ਜਾਂ ਮਾਂਗ 'ਚ ਸਿੰਧੂਰ ਦਿਖਾਈ ਦਿੰਦਾ ਹੈ। ਮਹਾਨਗਰਾਂ 'ਚ ਲੱਗਭਗ ਤਿੰਨ ਦਹਾਕਿਆਂ ਤੋਂ ਸਿੰਧੂਰ ਲੜਕੀਆਂ ਦੇ ਮੱਥੇ ਤੋਂ ਗਾਇਬ ਹੋ ਗਿਆ ਹੈ। ਦਫ਼ਤਰਾਂ 'ਚ ਫਾਰਮਲ ਅਤੇ ਕੈਜ਼ੁਅਲ ਪਹਿਰਾਵੇ ਦੇ ਤੌਰ-ਤਰੀਕੇ ਹਨ, ਉਨ੍ਹਾਂ ਵਿੱਚ ਸਿੰਦੂਰ, ਬਿੰਦੀ, ਚੂੜੀਆਂ ਕਿਤੇ ਫਿੱਟ ਨਹੀਂ ਬੈਠਦੀਆਂ। ਇਸ ਲੇਖਿਕਾ ਨੇ ਦੇਖਿਆ ਹੈ ਕਿ ਕਈ ਵਾਰੀ ਕਿਸੇ ਸ਼ਾਦੀ ਜਾਂ ਉਤਸਵ ਦੇ ਮੌਕੇ ਵੀ ਇਹ ਚੀਜ਼ਾਂ ਔਰਤਾਂ ਦੇ ਸਰੀਰ 'ਤੇ ਨਜ਼ਰ ਨਹੀਂ ਆਉਂਦੀਆਂ। ਸਾੜ੍ਹੀ ਵੀ ਗਾਇਬ ਹੋ ਗਈ ਹੈ।

ਜਦੋਂ ਤੋਂ ਹਾਈ ਕੋਰਟ ਦੇ ਫੈਸਲੇ ਦੀ ਇਹ ਖ਼ਬਰ ਆਈ ਹੈ, ਹਰ ਉਮਰ ਵਰਗ ਦੀਆਂ ਔਰਤਾਂ ਸਿੰਦੂਰ, ਬਿੰਦੀ, ਚੂੜੀਆਂ ਦੇ ਬਿਨਾਂ ਆਪਣੀਆਂ ਤਸਵੀਰਾਂ ਪੋਸਟ ਕਰ ਰਹੀਆਂ ਹਨ। ਉਹ ਵਿਸਥਾਰ ਨਾਲ ਦੱਸ ਰਹੀਆਂ ਹਨ ਕਿ ਉਹ ਇਨ੍ਹਾਂ ਚੀਜ਼ਾਂ ਦੀ ਵਰਤੋਂ ਨਹੀਂ ਕਰਦੀਆਂ, ਫਿਰ ਵੀ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ 'ਚ ਕੋਈ ਮੁਸ਼ਕਲ ਨਹੀਂ। ਕਿਸੇ ਇਸਤਰੀ ਨੂੰ ਬਿਨਾਂ ਉਸ ਦੀ ਮਰਜ਼ੀ ਦੇ ਕਿਵੇਂ ਪ੍ਰੰਪਰਾ ਤੇ ਰੀਤੀ-ਰਿਵਾਜ਼ ਵੱਲ ਧੱਕਿਆ ਜਾ ਸਕਦਾ ਹੈ, ਉਸ ਨੂੰ ਉਨ੍ਹਾਂ ਨੂੰ ਮੰਨਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ।

ਸਮਝ 'ਚ ਨਹੀਂ ਆਉਂਦਾ ਕਿ ਅਦਾਲਤ ਨੇ ਆਖੀਰ ਕੀ ਸੋਚ ਕੇ ਇਹ ਫੈਸਲਾ ਦਿੱਤਾ। ਕਿਹੜੀਆਂ ਗੱਲਾਂ ਦਾ ਆਧਾਰ 'ਤੇ ਦਿੱਤਾ। ਕੀ ਬਦਲੇ ਹੋਏ ਸਮੇਂ ਨੂੰ ਪੜ੍ਹਨ 'ਚ ਅਦਾਲਤ ਤੋਂ ਕੋਤਾਹੀ ਹੋਈ। ਇਸ ਫੈਸਲੇ ਨੂੰ ਅਲੱਗ ਪਲਟ ਕੇ ਦੇਖੋ ਤਾਂ ਜਿਹੜੀਆਂ ਇਸਤਰੀਆਂ ਦੇ ਪਤੀ ਦੀ ਮੌਤ ਹੋ ਜਾਂਦੀ ਸੀ, ਉਨ੍ਹਾਂ ਨੂੰ ਰੀਤੀ-ਰਿਵਾਜ਼ ਦੇ ਨਾਂ ਉੱਤੇ ਸਿੰਦੂਰ, ਬਿੰਦੀ, ਮੰਗਲ ਸੂਤਰ, ਚੂੜੀਆਂ, ਬਿਛੂਏ, ਰੰਗੀਨ ਕੱਪੜੇ, ਚੰਗਾ ਭੋਜਨ, ਕਿਸੇ ਵਿਆਹ ਸਮਾਗਮ ਆਦਿ ਤੱਕ ਵਿੱਚ ਸ਼ਾਮਲ ਹੋਣ ਤੋਂ ਰੋਕ ਦਿੱਤਾ ਜਾਂਦਾ ਸੀ। ਇਨ੍ਹਾਂ ਔਰਤਾਂ ਦੀ ਕਿਸਮਤ 'ਚ ਸਿਵਾਏ ਰੋਣ ਦੇ ਕੁਝ ਨਹੀਂ ਸੀ। ਉਨ੍ਹਾਂ ਨੂੰ ਸਤੀ ਵੀ ਕਰ ਦਿੱਤਾ ਜਾਂਦਾ ਸੀ, ਜਿਸ ਨਾਲ ਹਮੇਸ਼ਾ ਲਈ ਬਲਾ ਟਲੇ। ਇਸ ਦੌਰ 'ਚ ਬਹੁਤ ਸਾਰੀਆਂ ਉਹ ਔਰਤਾਂ, ਜਿਨ੍ਹਾਂ ਦੇ ਪਤੀ ਦੀ ਮੌਤ ਹੋ ਚੁੱਕੀ ਹੈ, ਬਿੰਦੀ ਲਾਉਂਦੀਆਂ ਹਨ, ਚੂੜੀਆਂ ਪਹਿਨਦੀਆਂ ਹਨ, ਸੱਜਦੀਆਂ-ਫੱਬਦੀਆਂ ਹਨ। ਕੀ ਉਹ ਅਖੌਤੀ ਪ੍ਰੰਪਰਾਵਾਂ ਦੇ ਨਾਂ 'ਤੇ ਵਿਧਵਾ ਇਸਤਰੀ ਦੇ ਪੁਰਾਣੇ ਸ਼ੋਸ਼ਣਕਾਰੀ ਰੂਪ ਨੂੰ ਆਪਣਾ ਕੇ ਪੁਰਾਣੀਆਂ ਗੱਲਾਂ ਨੂੰ ਮੰਨਣ ਲੱਗਣ? ਆਖਿਰ ਕਿਉਂ? ਹੋ ਸਕਦਾ ਹੈ ਕੱਲ੍ਹ ਨੂੰ ਕੋਈ ਇਸ ਗੱਲ 'ਤੇ ਕੇਸ ਕਰ ਦੇਵੇ ਕਿ ਵਿਧਵਾ ਇਸਤਰੀਆਂ ਸਿੰਧੂਰ, ਬਿੰਦੀ ਕਿਉਂ ਲਾਉਂਦੀਆਂ ਹਨ, ਚੂੜੀਆਂ ਕਿਉਂ ਪਹਿਨਦੀਆਂ ਹਨ, ਕਿਸੇ ਨਾਲ ਹੱਸਦੀਆਂ-ਬੋਲਦੀਆਂ ਕਿਉਂ ਹਨ, ਨੌਕਰੀ ਕਿਉਂ ਕਰਦੀਆਂ ਹਨ। ਪ੍ਰੰਪਰਾ ਦਾ ਡੰਡਾ ਇਸ ਬਹਾਨੇ ਜਾਂ ਉਸ ਬਹਾਨੇ ਹਮੇਸ਼ਾ ਔਰਤਾਂ ਦੀ ਹੀ ਪਿੱਠ 'ਤੇ ਨਹੀਂ ਵੱਜਣਾ ਚਾਹੀਦਾ।

## ਹਿੱਤਾਂ ਦੇ ਟਕਰਾਅ ਦੇ ਦੋਸ਼ ਵਿੱਚ ਕੋਹਲੀ ਦੀ ਸ਼ਿਕਾਇਤ



ਨਵੀਂ ਦਿੱਲੀ, 6 ਜੁਲਾਈ (ਪੋਸਟ ਬਿਊਰੋ)- ਭਾਰਤੀ ਟੀਮ ਦੇ ਕਪਤਾਨ ਵਿਰਾਟ ਕੋਹਲੀ ਦੇ ਖਿਲਾਫ ਹਿੱਤਾਂ ਦੇ ਟਕਰਾਅ ਦੇ ਮਾਮਲੇ ਵਿੱਚ ਸ਼ਿਕਾਇਤ ਦਰਜ ਹੋਈ ਹੈ। ਮੱਧ ਪ੍ਰਦੇਸ਼ ਕ੍ਰਿਕਟਰ ਐਸੋਸੀਏਸ਼ਨ ਦੇ ਮੈਂਬਰ ਸੰਜੀਵ ਗੁਪਤਾ ਨੇ ਬੀ ਸੀ ਸੀ ਆਈ ਐਥਿਕਸ ਅਧਿਕਾਰੀ ਡੀ ਕੇ ਜੈਨ ਨੂੰ ਇਸ ਦੀ ਮੇਲ ਭੇਜੀ ਹੈ। ਡੀ ਕੇ ਜੈਨ ਨੇ ਕਿਹਾ ਕਿ ਕੇਸ ਦੀ ਜਾਂਚ ਹੋਵੇਗੀ ਅਤੇ ਜੇ ਲੋੜ ਪਈ ਤਾਂ ਕੋਹਲੀ ਤੋਂ ਜਵਾਬ ਮੰਗਿਆ ਜਾਏਗਾ। ਇਸ ਤੋਂ ਪਹਿਲਾਂ ਉਹ ਸਚਿਨ, ਦ੍ਰਾਵਿੜ ਤੇ ਗਾਂਗੁਲੀ ਵਰਗੇ ਕਈ ਵੱਡੇ ਨਾਵਾਂ ਦੇ ਖਿਲਾਫ ਹਿੱਤਾਂ ਦੇ ਟਕਰਾਅ ਦਾ ਦੋਸ਼ ਲਾ ਚੁੱਕੇ ਹਨ। ਸੰਜੀਵ ਗੁਪਤਾ ਨੇ ਕੋਹਲੀ ਦੇ ਬਿਜ਼ਨਸ ਬਾਰੇ ਗੱਲ ਕੀਤੀ ਅਤੇ ਦੋਸ਼ ਲਾਇਆ ਕਿ ਵਿਰਾਟ ਭਾਰਤੀ ਕ੍ਰਿਕਟ ਟੀਮ ਦਾ ਕਪਤਾਨ ਹੋਣ ਦੇ ਨਾਲ ਵਿਰਾਟ ਕੋਹਲੀ ਦੋ ਕੰਪਨੀਆਂ ਵਿਰਾਟ ਕੋਹਲੀ ਸਪੋਰਟਸ ਐੱਲ ਐੱਲ ਪੀ ਅਤੇ ਕਾਰਨਰਸਟੋਨ ਵੈਂਚਰਸ ਪਾਰਟਨਰਸ ਐੱਲ ਐੱਲ ਪੀ ਦਾ ਡਾਇਰੈਕਟਰ ਵੀ ਹੈ। ਕਾਰਨਰਸਟੋਨ ਸਪੋਰਟਸ ਐਂਡ ਇੰਟਰਟੇਨਮੈਂਟ ਪ੍ਰਾਈਵੇਟ ਲਿਮਟਿਡ ਵਿੱਚ ਕੋਹਲੀ ਡਾਇਰੈਕਟਰ ਹਨ, ਜੋ ਭਾਰਤੀ ਕਪਤਾਨ ਦੇ ਕਮਰਸ਼ੀਅਲ ਮਾਮਲੇ ਦੇਖਦੀ ਹੈ। ਸ਼ਿਕਾਇਤ ਕਰਤਾ ਨੇ ਕਿਹਾ ਕਿ ਇਹ ਬੋਰਡ ਦੇ ਨਿਯਮਾਂ ਦਾ ਉਲੰਘਣ ਹੈ, ਜਿਸ ਨੂੰ ਸੁਪਰੀਮ ਕੋਰਟ ਤੋਂ ਮਨਜ਼ੂਰੀ ਮਿਲੀ ਹੈ। ਉਨ੍ਹਾਂ ਨੇ ਦੋਸ਼ ਸਾਬਿਤ ਕਰਨ ਲਈ ਬੀ ਸੀ ਸੀ ਆਈ ਦੇ ਐਥਿਕਸ ਅਧਿਕਾਰੀ ਨੂੰ ਸਬੂਤ ਜਮ੍ਹਾ ਕਰਾਏ ਹਨ। ਸੰਜੀਵ ਗੁਪਤਾ ਨੇ ਕਿਹਾ, ਸ਼ਿਕਾਇਤ ਪਿੱਛੇ ਮੇਰਾ ਮਕਸਦ ਬੋਰਡ ਦੇ ਸੰਵਿਧਾਨ ਦਾ ਪਾਲਣ ਕਰਾਉਣਾ ਹੈ।

# ਯੂ ਪੀ ਵਿੱਚ ਮੋਮਬੱਤੀਆਂ ਬਣਾਉਣ ਵਾਲੀ ਫੈਕਟਰੀ 'ਚ ਅੱਗ, 8 ਮੌਤਾਂ



ਗਾਜ਼ੀਆਬਾਦ, 6 ਜੁਲਾਈ (ਪੋਸਟ ਬਿਊਰੋ)- ਗਾਜ਼ੀਆਬਾਦ ਜ਼ਿਲ੍ਹੇ ਦੇ ਮੋਦੀ ਨਗਰ ਵਿਚਲੇ ਬਾਖਵਾ ਪਿੰਡ 'ਚ ਮੋਮਬੱਤੀਆਂ ਬਣਾਉਣ ਵਾਲੀ ਫੈਕਟਰੀ 'ਚ ਅੱਗ ਲੱਗਣ ਨਾਲ ਛੇ ਔਰਤਾਂ ਸਮੇਤ ਅੱਠ ਲੋਕਾਂ ਦੇ ਮਾਰੇ ਗਏ ਅਤੇ ਤਿੰਨ ਹੋਰ ਜ਼ਖ਼ਮੀ ਹੋ ਗਏ। ਮਾਰੇ ਗਏ ਲੋਕਾਂ 'ਚ ਇੱਕ 16 ਸਾਲਾ ਲੜਕਾ ਵੀ ਸ਼ਾਮਲ ਸੀ।
ਇਸ ਫੈਕਟਰੀ 'ਚ ਵੱਡੀ ਮਾਤਰਾ 'ਚ ਜਲਣਸ਼ੀਲ ਸਮੱਗਰੀ ਦਾ ਭੰਡਾਰ ਕੀਤਾ ਗਿਆ ਸੀ। ਸੂਚਨਾ ਮਿਲਣ 'ਤੇ ਅੱਗ ਬੁਝਾਊ ਅਮਲਾ ਤੇ ਪੁਲਸ ਘਟਨਾ ਸਥਾਨ 'ਤੇ ਪੁੱਜ ਗਏ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਜ਼ਿਲ੍ਹਾ ਮੈਜਿਸਟ੍ਰੇਟ ਅਜੇ ਸ਼ੰਕਰ ਪਾਂਡੇ ਅਤੇ ਐਸ ਐਸ ਪੀ ਕਾਲਾਨਿਧੀ ਨੇਥਾਨੀ ਨੂੰ ਰਿਪੋਰਟ ਪੇਸ਼ ਕਰਨ ਦੇ ਆਦੇਸ਼ ਦਿੱਤੇ ਹਨ। ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਫੈਕਟਰੀ ਕਾਨੂੰਨੀ ਤੌਰ 'ਤੇ ਚੱਲ ਰਹੀ ਸੀ। ਇਲਾਕੇ ਦੀ ਪੁਲਸ ਚੌਕੀ ਦੇ ਇੰਚਾਰਜ ਨੂੰ ਲਾਪਰਵਾਹੀ ਦੇ ਦੋਸ਼ਾਂ ਹੇਠ ਸਸਪੈਂਡ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਫੈਕਟਰੀ 'ਚ ਜਨਮ ਦਿਨ ਪਾਰਟੀ ਦੇ ਵਾਸਤੇ ਚਮਕਦਾਰ ਮੋਮੋਬੱਤੀਆਂ (ਚੰਗਿਆੜੇ ਛੱਡਣ ਵਾਲੀਆਂ) ਬਣਾਈਆਂ ਜਾਂਦੀਆਂ ਸਨ ਤੇ ਧਾਮਾਕਾਖੇਜ ਪਦਾਰਥਾਂ ਦੇ ਕਾਰਨ ਹੀ ਭਿਆਨਕ ਅੱਗ ਲੱਗੀ ਹੈ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ।

## ਅਮਰੀਕਾ ਵਿੱਚੋਂ ਆਪਣੀ ਦਵਾਈਆਂ ਨੂੰ ਵਾਪਸ ਲੈ ਰਹੀਆਂ ਹਨ ਭਾਰਤੀ ਕੰਪਨੀਆਂ



ਨਵੀਂ ਦਿੱਲੀ, 6 ਜੁਲਾਈ (ਪੋਸਟ ਬਿਊਰੋ)- ਭਾਰਤ ਕੰਪਨੀਆਂ ਲਿਊਪਿਨ, ਮਾਰਕਸੰਨਸ ਫਾਰਮਾ, ਅਰਬਿੰਦੋ ਫਾਰਮਾ ਅਤੇ ਐਲੈਂਬਕ ਫਾਰਮਸਿਊਟੀਕਲਸ ਆਦਿ ਅਮਰੀਕੀ ਬਾਜ਼ਾਰ ਤੋਂ ਆਪਣੇ ਕੁਝ ਸਾਮਾਨ ਵਾਪਸ ਲੈ ਰਹੀਆਂ ਹਨ।
ਅਮਰੀਕਾ ਦੇ ਦਵਾਈਆਂ ਬਾਰੇ ਰੈਗੂਲੇਟਰ ਯੂ ਐਸ ਡੀ ਐਫ ਡੀ ਏ ਦੀ ਤਾਜ਼ਾ ਤਬਾਦਲਾ ਰਿਪੋਰਟ ਦੇ ਅਨੁਸਾਰ ਲਿਊਪਿਨ ਅਤੇ ਮਾਰਕਸੰਨਸ ਫਾਰਮਾ ਸ਼ੂਗਰ ਦੀ ਦਵਾ ਨੂੰ ਵਾਪਸ ਲੈ ਰਹੀਆਂ ਹਨ ਅਤੇ ਅਰਬਿੰਦੋ ਅਤੇ ਅਲੈਂਬਕ ਦੋਵੇਂ ਮਨੋ-ਰੋਗਾਂ ਬਾਰੇ ਦਵਾਈਆਂ ਵਾਪਸ ਲੈ ਰਹੀਆਂ ਹਨ। ਰਿਪੋਰਟ ਮੁਤਾਬਕ ਲਿਊਪਿਨ ਦੀ ਅਮਰੀਕੀ ਯੂਨਿਟ ਮੌਜੂਦਾ ਮਾਲ ਤਬਾਦਲਾ ਪ੍ਰਬੰਧਾਂ ਦੀ ਪਾਲਣਾ ਨਾ ਕੀਤੇ ਜਾਣ ਕਾਰਨ ਅਮਰੀਕੀ ਬਾਜ਼ਾਰ ਤੋਂ ਮੇਟਫਾਰਮਿਨ ਹਾਈਡ੍ਰੋਕਲੋਰਾਈਡ ਟੈਬਲੇਟ ਦੀਆਂ 6,540 ਬੋਤਲਾਂ ਵਾਪਸ ਲੈ ਰਹੀ ਹੈ। ਇਹ ਦਵਾ ਇਸ ਕੰਪਨੀ ਦੇ ਗੋਆ ਵਾਲੇ ਪਲਾਂਟ ਵਿੱਚ ਬਣਾਈ ਜਾਂਦੀ ਹੈ। ਏਸੇ ਤਰ੍ਹਾਂ ਮਾਰਕਸੰਨਸ ਫਾਰਮਾ ਵੀ ਮੇਟਫਾਰਮਿਨ ਹਾਈਡ੍ਰੋਕਲੋਰਾਈਡ ਟੈਬਲੇਟ ਦੀਆਂ 11,279 ਬੋਤਲਾਂ ਵਾਪਸ ਲੈ ਰਹੀ ਹੈ। ਮਾਰਕਸੰਨਸ ਨੇ ਅਮਰੀਕਾ ਦੀ ਕੰਪਨੀ ਟਾਈਮ-ਕੈਪ ਲੈਬਸ ਨੂੰ ਇਸਦੀ ਸਪਲਾਈ ਕੀਤੀ ਸੀ।
ਯੂ ਐਸ ਐਫ ਡੀ ਏ ਨੇ ਕਿਹਾ ਹੈ ਕਿ ਇਨ੍ਹਾਂ ਦੋਨਾਂ ਕੰਪਨੀਆਂ ਦੇ ਮੇਟਫਾਰਮਿਨ ਹਾਈਡ੍ਰੋਕਲੋਰਾਈਡ ਟੈਬਲੇਟ ਵਿੱਚ ਐਨ-ਨਾਈਟ੍ਰੋਸੋਡੀਮਿਥਾਅਲਾਮਾਈਨ ਦੀ ਮਾਤਰਾ ਪ੍ਰਵਾਨਤ ਪੱਧਰ ਤੋਂ ਵੱਧ ਪਾਈ ਗਈ ਹੈ। ਇਨ੍ਹਾਂ ਦੇ ਬਿਨਾ ਹੈਦਰਾਬਾਦ ਦੀ ਅਰਬਿੰਦੋ ਦੀ ਯੂਨਿਟ ਅਰਬਿੰਦੋ ਫਾਰਮਾ ਯੂ ਐਸ ਏ ਇੱਕ ਕਲੋਜੈਪੀਨ ਟੈਬਲੇਟ ਦੀਆਂ 1,440 ਬੋਤਲਾਂ ਵਾਪਸ ਲੈ ਰਹੀ ਹੈ। ਇਸਦਾ ਇਸਤੇਮਾਲ ਕੁਝ ਮਾਨਸਿਕ ਰੋਗਾਂ ਦੇ ਇਲਾਜ ਲਈ ਕੀਤਾ ਜਾਂਦਾ ਹੈ। ਇੱਕ ਖਪਤਕਾਰ ਨੇ ਸ਼ਿਕਾਇਤ ਕੀਤੀ ਸੀ ਕਿ 100 ਐਮ ਜੀ ਦੀ ਬੋਤਲ ਵਿੱਚ ਸਿਰਫ 50 ਐਮ ਜੀ ਦੀਆਂ ਗੋਲੀਆਂ ਮਿਲੀਆਂ ਹਨ। ਅਲੈਂਬਿਕ ਫਾਰਮਾਸਿਊਟੀਕਲ ਅਰੀਪਿਪ੍ਰਾਜੋਲ ਟੈਬਲੇਟ ਦੀਆਂ 19,153 ਬੋਤਲਾਂ ਵਾਪਸ ਲੈ ਰਹੀ ਹੈ। ਇਸਦੀ ਵਰਤੋਂ ਸ਼ਿਜ਼ੋਫ੍ਰੇਨੀਆ ਅਤੇ ਬਾਇਓਪੋਲਰ ਰੋਗ ਦੇ ਇਲਾਜ ਵਿੱਚ ਕੀਤੀ ਜਾਂਦੀ ਹੈ।

## ਵਰਿੰਦਾਵਨ ਦੀ ਭੂਆ ਕਰਦੀ ਹੈ ਲਾਵਾਰਸ ਲਾਸ਼ਾਂ ਦਾ ਅੰਤਿਮ ਸਸਕਾਰ

ਵਰਿੰਦਾਵਨ, 6 ਜੁਲਾਈ (ਪੋਸਟ ਬਿਊਰੋ)- ਵਰਿੰਦਾਵਨ ਵਿੱਚ ਭੂਆ ਜੀ ਦੇ ਨਾਂਅ ਨਾਲ ਮਸ਼ਹੂਰ 55 ਸਾਲਾ ਡਾਕਟਰ ਲਕਸ਼ਮੀ ਗੌਤਮ ਲਾਵਾਰਸ ਲਾਸ਼ਾਂ ਦਾ ਅੰਤਿਮ ਸਸਕਾਰ ਸਾਲਾਂ 2012 ਤੋਂ ਕਰ ਰਹੀ ਹੈ। ਲਾਸ਼ ਨੂੰ ਅਗਨੀ ਵੀ ਖੁਦ ਦਿੰਦੀ ਹੈ ਤੇ ਕਿਸੇ ਤੋਂ ਆਰਥਿਕ ਮਦਦ ਵੀ ਨਹੀਂ ਲੈਂਦੀ।
ਸ਼ੁਰੂ ਵਿੱਚ ਸਿਰਫ ਔਰਤਾਂ ਦਾ ਅੰਤਿਮ ਸਸਕਾਰ ਕਰਨ ਵਾਲੀ ਲਕਸ਼ਮੀ ਪਿਛਲੇ ਦੋਂਹ ਸਾਲ ਤੋਂ ਪੁਰਸ਼ਾਂ ਦਾ ਅੰਤਿਮ ਸਸਕਾਰ ਵੀ ਕਰਨ ਲੱਗ ਪਈ ਹੈ। ਬੀਤੇ ਅੱਠ ਸਾਲਾਂ ਵਿੱਚ ਉਹ ਕਰੀਬ 300 ਲਾਸ਼ਾਂ ਦਾ ਅੰਤਿਮ ਸਸਕਾਰ ਕਰ ਚੁੱਕੀ ਹੈ। ਵਰਿੰਦਾਵਾਨ ਦੇ ਐੱਸ ਓ ਪੀ ਕਾਲਜ ਵਿੱਚ ਇਤਿਹਾਸ ਦੀ ਐਸੋਸੀਏਟ ਪ੍ਰੋਫੈਸਰ ਰਹਿ ਚੁੱਕੀ ਡਾਕਟਰ ਲਕਸ਼ਮੀ ਦੱਸਦੀ ਹੈ ਕਿ ਸਾਲ 2011-12 ਵਿੱਚ ਸੁਪਰੀਮ ਕੋਰਟ ਨੇ ਵਰਿੰਦਾਵਨ ਵਿੱਚ ਰਹਿੰਦੀਆਂ ਬੇਸਹਾਰਾ ਔਰਤਾਂ ਦਾ ਸਰਵੇ ਕਰਵਾਉਣਾ ਤੈਅ ਕੀਤਾ ਤਾਂ ਉਸੇ ਸਰਵੇ ਵਿੱਚ ਪਤਾ ਲੱਗਾ ਕਿ ਬੇਸਹਾਰਾ ਔਰਤਾਂ ਦਾ ਅੰਤਿਮ ਸਸਕਾਰ ਢੰਗ ਨਾਲ ਨਹੀਂ ਕੀਤਾ ਜਾਂਦਾ। ਇਸ ਤੋਂ ਮਨ ਬਹੁਤ ਦੁਖੀ ਹੋਇਆ ਸੀ। ਇਸੇ ਦੌਰਾਨ ਵਰਿੰਦਵਾਨ ਵਿੱਚ ਰਾਧਾ ਨਾਂਅ ਦੀ ਬੇਸਹਾਰਾ ਔਰਤ ਦੀ ਇੱਕ ਲਾਸ਼ ਚਬੂਤਰੇ 'ਤੇ ਰੱਖੀ ਮਿਲੀ, ਜਿਸ ਦੀ ਮੌਤ ਸਵੇਰੇ ਹੋਈ, ਪਰ ਸ਼ਾਮ ਤੱਕ ਕਿਸੇ ਨੇ ਹੱਥ ਨਹੀਂ ਲਾਇਆ। ਮੈਂ ਉਸ ਦਾ ਅੰਤਿਮ ਸਸਕਾਰ ਕੀਤਾ। ਉਸੇ ਦਿਨ ਤੋਂ ਮੈਂ ਬੇਸਹਾਰਾ ਔਰਤਾਂ ਦਾ ਅੰਤਿਮ ਸਸਕਾਰ ਕਰਨ ਦਾ ਜ਼ਿੰਮਾ ਚੁੱਕ ਲਿਆ। ਜਦ ਮੈਂ ਇਸ ਕੰਮ ਨਾਲ ਜੁੜੀ ਤਾਂ ਪਰਵਾਰ ਵਾਲੇ ਦਿਲੋਂ ਨਾਲ ਨਹੀਂ ਸਨ, ਪਰ ਅੱਜਕੱਲ੍ਹ ਮੇਰੇ ਦੋ ਬੇਟੇ ਅਤੇ ਇੱਕ ਬੇਟੀ ਮੇਰੀ ਮਦਦ ਵੀ ਕਰਦੇ ਹਨ ਅਤੇ ਆਰਥਿਕ ਸਹਿਯੋਗ ਵੀ ਦਿੰਦੇ ਹਨ। ਉਨ੍ਹਾਂ ਨੇ ਕਨਕ ਧਾਰਾ ਫਾਊਂਡੇਸ਼ਨ ਵੀ ਬਣਾਈ ਹੈ।
ਇਸ ਅਸਾਧਾਰਨ ਸੇਵਾ ਕਾਰਜ ਲਈ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਸਾਲ 2015 ਅਤੇ 2015 ਵਿੱਚ ਉਨ੍ਹਾਂ ਨੂੰ ਦੋ ਵਾਰ ਸਨਮਾਨਿਤ ਵੀ ਕੀਤਾ ਸੀ।

### ਕਾਨਪੁਰ ਹੱਤਿਆ ਕਾਂਡ

## ਵਿਕਾਸ ਦੂਬੇ ਦਾ ਸਾਥੀ ਗ੍ਰਿਫਤਾਰ, ਵਾਰਦਾਤ ਤੋਂ ਪਹਿਲਾਂ ਥਾਣੇ ਤੋਂ ਫੋਨ ਆਏ ਦੀ ਗੱਲ ਮੰਨੀ



ਕਾਨਪੁਰ, 6 ਜੁਲਾਈ (ਪੋਸਟ ਬਿਊਰੋ)- ਕਾਨਪੁਰ ਵਿੱਚ ਅੱਠ ਪੁਲਸ ਵਾਲਿਆਂ ਦੀ ਹੱਤਿਆ ਦੇ ਕੇਸ ਵਿੱਚ ਪੁਲਸ ਨੇ ਕੱਲ੍ਹ ਹਿਸਟਰੀਸ਼ੀਟਰ ਵਿਕਾਸ ਦੂਬੇ ਨਾਲ ਵਾਰਦਾਤ ਵਿੱਚ ਸ਼ਾਮਲ ਦਇਆਸ਼ੰਕਰ ਅਗਨੀਹੋਤਰੀ ਉਰਫ ਲੱਲੂ ਨੂੰ ਮੁਕਾਬਲੇ ਦੇ ਬਾਅਦ ਕਲਿਆਣਪੁਰ ਵਿੱਚ ਫੜ ਲਿਆ। ਸੂਚਨਾ ਉੱਤੇ 25 ਹਜ਼ਾਰ ਦੇ ਇਨਾਮੀ ਅਪਰਾਧੀ ਲੱਲੂ ਨੂੰ ਘੇਰਿਆ ਗਿਆ ਅਤੇ ਜਦ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਪੁਲਸ ਦੀ ਜਵਾਬੀ ਕਾਰਵਾਈ ਵਿੱਚ ਉਸ ਦੇ ਪੈਰ 'ਤੇ ਗੋਲੀ ਲੱਗੀ।
ਲੱਲੂ ਨੇ ਦੱਸਿਆ ਕਿ ਬਿਕਰੂ ਪਿੰਡ ਵਿੱਚ ਦੋ-ਤਿੰਨ ਜੁਲਾਈ ਦੀ ਰਾਤ ਵਾਰਦਾਤ ਹੋਣ ਤੋਂ ਪਹਿਲਾਂ ਵਿਕਾਸੇ ਦੂਬੇ ਨੂੰ ਚੌਬੇਪੁਰ ਥਾਣੇ ਤੋਂ ਕਿਸੇ ਦਾ ਫੋਨ ਆਇਆ ਸੀ। ਉਸ ਦੇ ਬਾਅਦ ਵਿਕਾਸ ਨੇ ਪੁਲਸ ਨਾਲ ਸਿੱਧੀ ਟੱਕਰ ਲਈ ਉਸ ਨੂੰ ਅਤੇ ਹੋਰ ਸਾਥੀਆਂ ਨੂੰ ਫੋਨ ਕਰ ਕੇ ਆਪਣੇ ਘਰ ਸੱਦਿਆ ਸੀ। ਇਸ ਦੌਰਾਨ ਜਾਣਕਾਰੀ ਮਿਲੀ ਹੈ ਕਿ ਰਾਜਨੀਤਕ ਪਹੁੰਚ ਦੇ ਕਾਰਨ ਵਿਕਾਸ ਦੂਬੇ ਦਾ ਨਾਂਅ ਕਾਨਪੁਰ ਦੇ ਮੋਸਟ ਵਾਂਟਿਡ ਅਪਰਾਧੀਆਂ ਦੀ ਲਿਸਟ ਵਿੱਚ ਸ਼ਾਮਲ ਨਹੀਂ ਸੀ ਕੀਤਾ ਗਿਆ, ਜਦ ਕਿ ਉਸ 'ਤੇ 71 ਕੇਸ ਦਰਜ ਹਨ। ਪੁਲਸ ਨੇ ਉਸ 'ਤੇ ਕੱਲ੍ਹ ਇਨਾਮ ਦੀ ਰਾਸ਼ੀ ਪੰਜਾਹ ਹਜ਼ਾਰ ਤੋਂ ਵਧਾ ਕੇ ਇੱਕ ਲੱਖ ਕਰ ਦਿੱਤੀ ਹੈ।
ਦੂਸਰੇ ਪਾਸੇ ਵਾਰਦਾਤ ਦੀ ਰਾਤ ਬਿਜਲੀ ਕੱਟਣ ਦੇ ਦੋਸ਼ ਵਿੱਚ ਪੁਲਸ ਨੇ ਐਸ ਡੀ ਓ ਅਤੇ ਬਿਜਲੀ ਸਬ ਸਟੇਸ਼ਨ ਦੇ ਇੱਕ ਹੋਰ ਕਰਮਚਾਰੀ ਨੂੰ ਹਿਰਾਸਤ ਵਿੱਚ ਲਿਆ ਹੈ। ਵਰਨਣ ਯੋਗ ਹੈ ਕਿ ਤਿੰਨ ਜੁਲਾਈ ਰਾਤ ਹਿਸਟਰੀਸ਼ੀਟਰ ਦੂਬੇ ਨੂੰ ਗ੍ਰਿਫਤਾਰ ਕਰਨ ਵਾਸਤੇ ਗਈ ਪੁਲਸ ਦੀ ਟੀਮ 'ਤੇ ਹਮਲਾ ਹੋਇਆ ਸੀ, ਜਿਸ ਵਿੱਚ ਇੱਕ ਡੀ ਐਸ ਪੀ ਅਤੇ ਥਾਣਾ ਇੰਚਾਰਜ ਸਮੇਤ ਅੱਠ ਜਵਾਨ ਮਾਰੇ ਗਏ ਸਨ। ਉਸ ਦੇ ਬਾਅਦ ਵਿਕਾਸ ਦੂਬੇ ਦੀ ਭਾਲ ਵਿੱਚ ਪੁਲਸ ਦੀਆਂ ਟੀਮਾਂ ਦਿਨ-ਰਾਤ ਛਾਪੇਮਾਰੀ ਕਰ ਰਹੀਆਂ ਹਨ। ਆਖਰੀ ਲੋਕੇਸ਼ਨ ਸੂਬੇ ਦੇ ਓਰੈਈਆ ਵਿੱਚ ਮਿਲੀ ਹੈ। ਓਰੈਈਆ ਜ਼ਿਲਾ ਮੱਧ ਪ੍ਰਦੇਸ਼ ਦੇ ਨਾਲ ਲੱਗਦਾ ਹੈ। ਸ਼ੱਕ ਹੈ ਕਿ ਵਿਕਾਸ ਮੱਧ ਪ੍ਰਦੇਸ਼ ਨੂੰ ਭੱਜ ਸਕਦਾ ਹੈ। ਮੋਬਾਈਲ ਦੀ ਆਖਰੀ ਲੋਕੇਸ਼ਨ ਓਰੈਈਆ ਵਿੱਚ ਮਿਲਣ ਪਿੱਛੋਂ ਪਿੰਡ ਵਾਸੀ ਵੀ ਇਹੀ ਸ਼ੱਕ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਵਿਕਾਸ ਦੂਬੇ ਨੂੰ ਮੱਧ ਪ੍ਰਦੇਸ਼, ਮੁੰਬਈ ਤੇ ਕੋਲਕਾਤਾ ਵਿੱਚ ਪਨਾਹ ਮਿਲ ਸਕਦੀ ਹੈ। 2001 ਵਿੱਚ ਸੰਤੋਸ਼ ਸ਼ੁਕਲਾ ਦੀ ਹੱਤਿਆ ਦੇ ਮਾਮਲੇ ਵਿੱਚ ਵਿਕਾਸ ਨੇ ਗਵਾਲੀਅਰ ਅਤੇ ਕੋਲਕ-ਾਤਾ ਵਿੱਚ ਫਰਾਰੀ ਕੱਟੀ ਸੀ।

## 10 ਕੰਪਨੀਆਂ ਦਾ ਬਾਜ਼ਾਰ ਪੂੰਜੀਕਰਨ 1.37 ਲੱਖ ਕਰੋੜ ਵਧ ਗਿਆ

ਨਵੀਂ ਦਿੱਲੀ, 6 ਜੁਲਾਈ (ਪੋਸਟ ਬਿਊਰੋ)- ਭਾਰਤ ਦੀਆਂ 10 ਸਭ ਤੋਂ ਵੱਡੀਆਂ ਕੰਪਨੀਆਂ ਦੇ ਬਾਜ਼ਾਰ ਪੂੰਜੀਕਰਨ ਵਿੱਚ ਪਿਛਲੇ ਹਫਤੇ ਦੇ ਕਾਰੋਬਾਰ ਦੌਰਾਨ 1,37,508,61 ਕਰੋੜ ਰੁਪਏ ਦਾ ਵਾਧਾ ਦਰਜ ਕੀਤਾ ਗਿਆ। ਸਭ ਤੋਂ ਵੱਧ ਫਾਇਦਾ ਟਾਟਾ ਕਨਸਲਟੈਂਸੀ ਸਰਵਿਸਿਜ਼ (ਟੀ ਸੀ ਐੱਸ) ਅਤੇ ਆਰ ਆਈ ਐੱਲ ਨੂੰ ਮਿਲਿਆ ਹੈ।
ਪਿਛਲੇ ਹਫਤੇ ਦੇ ਕਾਰੋਬਾਰ ਦੇ ਦੌਰਾਨ ਟੀ ਸੀ ਐੱਸ ਦਾ ਪੂੰਜੀਕਰਨ 31,294,89 ਕਰੋੜ ਰੁਪਏ ਵਧ ਕੇ 8,25,149.40 ਕਰੋੜ ਰੁਪਏ ਤੱਕ ਚਲਾ ਗਿਆ। ਰਿਲਾਇੰਸ ਇੰਡਸਟਰੀਜ਼ ਲਿਮਟਿਡ (ਆਰ ਆਈ ਐੱਲ) ਨੇ ਇਸ ਸਮੇਂ ਵਿੱਚ ਪੂੰਜੀਕਰਨ ਵਿੱਚ 28,464.11 ਕਰੋੜ ਰੁਪਏ ਜੋੜੇ ਅਤੇ 11,33,168.55 ਕਰੋੜ ਰੁਪਏ ਪੂੰਜੀਕਰਨ ਨਾਲ ਕੱਲ੍ਹ ਸ਼ੇਅਰ ਬਾਜ਼ਾਰਾਂ ਵਿੱਚ ਕਾਰੋਬਾਰ ਲਈ ਉਤਰੇਗੀ। ਐੱਚ ਡੀ ਐੱਫ ਸੀ ਦਾ ਬਾਜ਼ਾਰ ਪੂੰਜੀਕਰਨ 20,519.86 ਕਰੋੜ ਰੁਪਏ ਵਧ ਕੇ 3,27,120.50 ਕਰੋੜ ਰੁਪਏ ਹੋ ਗਿਆ। ਆਈ ਟੀ ਸੀ ਦੇ ਬਾਜ਼ਾਰ ਪੂੰਜੀਕਰਨ ਵਿੱਚ 15,057.98 ਕਰੋੜ ਰੁਪਏ, ਭਾਰਤੀ ਏਅਰਟੈੱਲ ਵਿੱਚ 11,347.56 ਕਰੋੜ ਰੁਪਏ, ਐੱਚ ਡੀ ਐੱਫ ਸੀ ਬੈਂਕ ਵਿੱਚ 10,211.92 ਕਰੋੜ ਰੁਪਏ, ਆਈ ਸੀ ਆਈ ਸੀ ਆਈ ਬੈਂਕ ਵਿੱਚ 7,780.46 ਕਰੋੜ ਰੁਪਏ, ਇਨਫੋਸਿਸ ਵਿੱਚ 6,154.48 ਕਰੋੜ ਰੁਪਏ, ਐੱਚ ਯੂ ਐੱਲ ਵਿੱਚ 4,193.95 ਕਰੋੜ ਰੁਪਏ ਅਤੇ ਕੋਟਕ ਮਹਿੰ-ਦਰਾ ਬੈਂਕ ਦੇ ਬਾਜ਼ਾਰ ਪੂੰਜੀਕਰਨ ਵਿੱਚ 2,483.40 ਕਰੋੜ ਰੁਪਏ ਦਾ ਉਛਾਲ ਦਰਜ ਕੀਤਾ ਗਿਆ।

## ਬੇਅਦਬੀ ਕਾਂਡ ਮਾਮਲੇ ਵਿਚ ਡੇਰਾ ਪ੍ਰੇਮੀਆਂ ਤੋਂ ਵਾਰਦਾਤ ਵਾਲੀਆਂ ਥਾਵਾਂ ਦੀ ਨਿਸ਼ਾਨਦੇਹੀ ਕਰਵਾਈ ਗਈ

ਫਰੀਦਕੋਟ, 6 ਜੁਲਾਈ (ਪੋਸਟ ਬਿਊਰੋ)- ਪੰਜ ਸਾਲ ਪੁਰਾਣੇ ਬੇਅਦਬੀ ਕਾਂਡ ਦੀ ਜਾਂਚ ਕਰਨ ਵਾਲੀ ਵਿਸ਼ੇਸ਼ ਟੀਮ ਵੱਲੋਂ ਗ੍ਰਿਫਤਾਰ ਕੀਤੇ ਗਏ ਪੰਜ ਡੇਰਾ ਪ੍ਰੇਮੀਆਂ ਨੂੰ ਵਿਸ਼ੇਸ਼ ਜਾਂਚ ਟੀਮ ਕੱਲ੍ਹ ਉਨ੍ਹਾਂ ਥਾਂਵਾਂ ਉਪਰ ਲੈ ਕੇ ਗਈ, ਜਿੱਥੋਂ ਇੱਕ ਜੂਨ 2015 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕੀਤਾ ਅਤੇ ਜਿੱਥੇ ਰੱਖਿਆ ਗਿਆ ਸੀ।
ਵਿਸ਼ੇਸ਼ ਜਾਂਚ ਟੀਮ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਕੋਟਕਪੂਰਾ ਦੇ ਨਾਮ ਚਰਚਾ ਘਰ ਲੈ ਕੇ ਗਈ। ਉਸ ਤੋਂ ਬਾਅਦ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਲੈ ਗਈ ਅਤੇ ਦੋਸ਼ੀਆਂ ਤੋਂ ਘਟਨਾ ਬਾਰੇ ਪੁੱਛਗਿੱਛ ਕੀਤੀ ਅਤੇ ਫਿਰ ਬੀੜ ਸਿੱਖਾਂ ਵਾਲੇ ਲਿਜਾਇਆ ਗਿਆ, ਜਿੱਥੇ ਡੇਰਾ ਪ੍ਰੇਮੀਆਂ ਨੇ ਬੇਅਦਬੀ ਕਾਂਡ ਦੀ ਸਾਰੀ ਸਾਜ਼ਿਸ ਘੜੀ ਸੀ। ਪੁੱਛਗਿੱਛ ਦੌਰਾਨ ਉਨ੍ਹਾਂ ਡੇਰਾ ਪ੍ਰੇਮੀਆਂ ਨੂੰ ਵੀ ਹਾਜ਼ਰ ਰਹਿਣ ਲਈ ਕਿਹਾ ਗਿਆ, ਜਿਨ੍ਹਾਂ ਨੂੰ ਪਹਿਲਾਂ ਅਦਾਲਤ ਨੇ ਰਿਹਾਅ ਕਰ ਦਿੱਤਾ ਸੀ। ਜਾਂਚ ਟੀਮ ਦੇ ਮੁਖੀ ਡੀ ਆਈ ਜੀ ਰਣਬੀਰ ਸਿੰਘ ਖੱਟੜਾ ਨੇ ਕਿਹਾ ਕਿ ਡੇਰਾ ਪ੍ਰੇਮੀ ਸ਼ਕਤੀ ਸਿੰਘ ਅਤੇ ਸੁਖਜਿੰਦਰ ਸਿੰਘ ਉਰਫ ਸੰਨੀ ਨੂੰ ਵੀ ਸੱਦਿਆ ਗਿਆ ਸੀ ਅਤੇ ਉਨ੍ਹਾਂ ਤੋਂ ਸਮੁੱਚੀ ਘਟਨਾ ਬਾਰੇ ਪੁੱਛ ਪੜਤਾਲ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਚੋਰੀ ਕਰਨ ਲਈ ਵਰਤੀ ਗਈ ਕਾਰ ਦੀ ਪਛਾਣ ਕਰ ਲਈ ਗਈ ਹੈ।
ਇਸ ਦੌਰਾਨ ਸਿਟੀ ਕੋਟਕਪੂਰਾ ਦੇ ਉਸ ਵੇਲੇ ਦੇ ਐੱਸ ਐੱਚ ਓ ਗੁਰਦੀਪ ਪੰਧੇਰ ਨੂੰ ਦੋ ਰੋਜ਼ਾ ਪੁਲਸ ਰਿਮਾਂਡ ਖਤਮ ਹੋਣ ਤੋਂ ਬਾਅਦ ਡਿਊਟੀ ਮੈਜਿਸਟਰੇਟ ਏਕਤਾ ਉਪਲ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਵਿਸ਼ੇਸ਼ ਜਾਂਚ ਟੀਮ ਵੱਲੋਂ ਪੇਸ਼ ਹੋਏ ਸਹਾਇਕ ਜ਼ਿਲਾ ਅਟਾਰਨੀ ਐੱਮ ਐੱਸ ਗਿੱਲ ਨੇ ਅਦਾਲਤ ਨੂੰ ਦੱਸਿਆ ਕਿ ਪੰਧੇਰ ਦਾ ਹੋਰ ਪੁਲਸ ਰਿਮਾਂਡ ਨਹੀਂ ਚਾਹੀਦਾ। ਇਸ ਉੱਤੇ ਅਦਾਲਤ ਨੇ ਉਸ ਨੂੰ 19 ਜੁਲਾਈ ਤੱਕ ਜੇਲ੍ਹ ਭੇਜਣ ਦਾ ਹੁਕਮ ਦੇ ਦਿੱਤਾ।

## ਜਲੰਧਰ ਵਿੱਚ ਗੈਂਗਵਾਰ ਵਿੱਚ ਨੌਜਵਾਨ ਨੂੰ ਗੋਲੀ ਮਾਰੀ

ਜਲੰਧਰ, 6 ਜੁਲਾਈ (ਪੋਸਟ ਬਿਊਰੋ)- ਲਾਕਡਾਊਨ ਦੌਰਾਨ ਜਲੰਧਰ ਵਿੱਚ ਕੱਲ੍ਹ ਰਾਤ ਗੋਲੀ ਚੱਲਣ ਦੀ ਘਟਨਾ ਵਿੱਚ ਇੱਕ ਵਿਅਕਤੀ ਜ਼ਖਮੀ ਹੋ ਗਿਆ। ਜ਼ਖਮੀਨੂੰ ਲੁਧਿਆਣੇ ਰੈਫਰ ਕਰ ਦਿੱਤਾ ਗਿਆ ਹੈ। ਉਸ ਦੀ ਹਾਲਤ ਗੰਭੀਰ ਦੱਸੀ ਗਈ ਹੈ। ਪੁਲਸ ਨੇ ਇਸ ਕੇਸ ਵਿੱਚ ਨੌਜਵਾਨ ਵੱਲੋਂ ਦੱਸੀ ਕਹਾਣੀ ਨੂੰ ਗਲਤ ਦੱਸ ਕੇ ਇਸ ਨੂੰ ਅਪਰਾਧੀਆਂ ਦੀ ਆਪਸ ਵਿੱਚ ਵਾਪਰੀ ਘਟਨਾ ਦੱਸਿਆ ਹੈ। ਇਸ ਸੰਬੰਧ ਵਿੱਚ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੁਲਸ ਨੂੰ ਇਹ ਸੂਚਨਾ ਮਿਲੀ ਸੀ ਕਿ ਨਿਤਿਨ ਅਰੋੜਾ ਨਾਂਅ ਦਾ ਨੌਜਵਾਨ ਨਕੋਦਰ ਰੋਡ ਨੇੜੇ ਲਵਲੀ ਟਿੰਬਰ ਹਾਊਸ ਵਿਖੇ ਗੋਲੀ ਲੱਗਣ ਕਰ ਕੇ ਜ਼ਖ਼ਮੀ ਹੋ ਗਿਆ ਹੈ। ਓਥੇ ਪੁਲਸ ਪਹੁੰਚੀ ਤਾਂ ਨੌਜਵਾਨ ਨੇ ਇਹ ਕਹਿ ਕੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਕਿ ਉਸ 'ਤੇ ਹਮਲਾ ਉਸ ਦੇ ਵਿਰੋਧੀ ਗਰੁੱਪ ਨੇ ਕੀਤਾ ਹੈ। ਭੁੱਲਰ ਨੇ ਦੱਸਿਆ ਕਿ ਕੇਸ ਦੀ ਬਰੀਕੀ ਨਾਲ ਜਾਂਚ ਕਰਨ ਉੱਤੇ ਪੁਲਸ ਨੇ ਰਜਤ ਗੰਗੋਤਰਾ ਨਾਂਅ ਦੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਗਿਆ, ਜੋ ਗੋਲੀ ਚੱਲਣ ਦੀ ਇਸ ਘਟਨਾ ਵਿੱਚ ਨਿਤਿਨ ਅਰੋੜਾ ਨਾਲ ਸੀ। ਭੁੱਲਰ ਨੇ ਦੱਸਿਆ ਕਿ ਜੁਰਮ ਕਰਨ ਤੋਂ ਪਹਿਲਾਂ ਇਨ੍ਹਾਂ ਵਿਚਾਲੇ ਤਿੱਖੀ ਬਹਿਸ ਹੋਈ ਸੀ, ਜਿਸ 'ਤੇ ਰਜਤ ਗੰਗੋ-ਤਰਾ ਨੇ ਆਕਾਸ਼ਦੀਪ ਨੂੰ ਨਿਤਿਨ ਅਰੋੜਾ ਉੱਤੇ ਗੋਲੀ ਚਲਾਉਣ ਲਈ ਉਕਸਾਇਆ ਸੀ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਰਜਤ ਗੰਗੋਤਰਾ, ਆਕਾਸ਼ਦੀਪ ਅਤੇ ਨਿਤਿਨ ਅਰੋੜਾ ਅਤੇ ਤਿੰਨ ਹੋਰਨਾਂ ਸਮੇਤ ਕੁਝ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

## ਪਿਓ-ਪੁੱਤਰ ਨੂੰ ਨੰਗੇ ਕਰਨ ਬਾਰੇ ਇੰਸਪੈਕਟਰ ਅਤੇ ਹੌਲਦਾਰ ਖ਼ਿਲਾਫ਼ ਕੇਸ ਦਰਜ

ਖੰਨਾ, 6 ਜੁਲਾਈ (ਪੋਸਟ ਬਿਊਰੋ)- ਇਸ ਸ਼ਹਿਰ ਦੇ ਥਾਣੇ ਦੇ ਸਾਬਕਾ ਐਸ ਐਚ ਓ ਇੰਸਪੈਕਟਰ ਬਲਜਿੰਦਰ ਸਿੰਘ ਦੇ ਖ਼ਿਲਾਫ਼ ਸਦਰ ਥਾਣੇ ਵਿੱਚ ਇੱਕ ਪਿਤਾ, ਪੁੱਤਰ ਸਮੇਤ ਤਿੰਨ ਜਣਿਆਂ ਨੂੰ ਨੰਗਾ ਕਰਕੇ ਉਨ੍ਹਾਂ ਦੀ ਵੀਡੀਓ ਬਣਾਉਣ ਅਤੇ ਵਾਇਰਲ ਕਰਨ ਦੇ ਦੋਸ਼ ਵਿੱਚ ਐਡੀਸ਼ਨਲ ਡੀ ਜੀ ਪੀ ਡਾ. ਨਰੇਸ਼ ਅਰੋੜਾ ਦੀ ਅਗਵਾਈ ਹੇਠਲੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਬਾਕਾਇਦਾ ਕੇਸ ਦਰਜ਼ ਕਰ ਲਿਆ ਹੈ। ਇਸ ਦੀ ਅਗਲੀ ਜਾਂਚ ਐਸ ਆਈ ਟੀ ਦੇ ਮੈਂਬਰ ਆਈ ਜੀ ਲੁਧਿਆਣਾ ਨੌਨਿਹਾਲ ਸਿੰਘ ਕਰਨਗੇ। ਵਰਨਣ ਯੋਗ ਹੈ ਕਿ ਬੀਤੇ ਅਪ੍ਰੈਲ ਵਿੱਚ ਕੇਸ ਦਰਜ ਕਰਵਾਉਣ ਬਾਰੇ ਪੀੜਤਾਂ ਦੇ ਸੰਘਰਸ਼ ਨੂੰ ਓਦੋਂ ਜਿੱਤ ਮਿਲ ਗਈ ਸੀ ਅਤੇ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਸੀ। ਇਸ ਬਾਰੇ ਕੇਸ ਕੱਲ੍ਹ ਰਾਤ ਨੂੰ ਦਰਜ ਹੋਇਆ ਦੱਸਿਆ ਜਾ ਰਿਹਾ ਹੈ। ਇਹ ਕੇਸ ਖੰਨਾ ਦੇ ਸਿਟੀ ਇੱਕ ਥਾਣਾ ਵਿੱਚ ਦਰਜ ਹੋਇਆ ਹੈ। ਇਸ ਬਾਰੇ ਵਿਸ਼ੇਸ਼ ਜਾਂਚ ਟੀਮ ਦੀ ਗਠਨ ਹਾਈ ਕੋਰਟ ਦੀਆਂ ਹਦਾਇਤਾਂ ਉੱਤੇ ਹੋਇਆ ਸੀ। ਕੇਸ ਵਿੱਚ ਇੱਕ ਦਲਿਤ ਪੀੜਤ ਨੇ ਵੱਖਰੀ ਸ਼ਿਕਾਇਤ ਵੀ ਕੀਤੀ ਸੀ।
ਮਿਲੀ ਜਾਣਕਾਰੀ ਅਨੁਸਾਰ ਇੰਸਪੈਕਟਰ ਬਲਜਿੰਦਰ ਸਿੰਘ ਤੇ ਹਵਲਦਾਰ ਵਰੁਣ ਕੁਮਾਰ ਦੇ ਖ਼ਿਲਾਫ਼ ਦਰਜ ਕੇਸ ਵਿੱਚ ਵਰੁਣ ਕੁਮਾਰ ਦੇ ਮੋਬਾਈਲ ਫ਼ੋਨ ਤੋਂ ਵੀਡੀਓ ਬਣਾ ਦੇ ਵਾਇਰਲ ਕਰਨ, ਮਾਰਕੁੱਟ, ਨਾਜਾਇਜ਼ ਹਿਰਾਸਤ ਵਿੱਚ ਰੱਖਣ, ਐਸ ਸੀ/ ਐਸ ਟੀ ਐਕਟ, ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਆਈ ਟੀ ਐਕਟ ਦੀਆਂ ਧਾਰਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਐਸ ਐਸ ਪੀ ਖੰਨਾ ਹਰਪ੍ਰੀਤ ਸਿੰਘ ਨੇ ਕੇਸ ਦਰਜ ਹੋਣ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਐਸ ਆਈ ਟੀ ਦੇ ਮੈਂਬਰ ਆਈ ਜੀ ਲੁਧਿਆਣਾ ਨੌਨਿਹਾਲ ਸਿੰਘ ਇਸ ਕੇਸ ਦੇ ਜਾਂਚ ਅਧਿਕਾਰੀ ਬਣਾਏ ਗਏ ਹਨ ਅਤੇ ਪੂਰੀ ਜਾਣਕਾਰੀ ਉਹੀ ਦੇ ਸਕਦੇ ਹਨ। ਪਤਾ ਲੱਗਾ ਹੈ ਕਿ ਜਾਂਚ ਟੀਮ ਪੁਲਸ ਵੱਲੋਂ ਕੀਤੀ ਕਾਰਵਾਈ ਦੀ ਜਾਣਕਾਰੀ ਹੁਣ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪੇਸ਼ ਕਰੇਗੀ।

# ਖਹਿਰਾ ਨੇ ਐਸ ਐਫ ਜੇ ਸਮਰਥਕ ਗੁੱਜਰ ਦੀ ਗ੍ਰਿਫ਼ਤਾਰੀ ਉੱਤੇ ਸਵਾਲ ਖੜ੍ਹੇ ਕੀਤੇ



ਚੰਡੀਗੜ੍ਹ, 6 ਜੁਲਾਈ (ਪੋਸਟ ਬਿਊਰੋ)- ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਚਿੱਠੀ ਲਿਖ ਕੇ ਕੁਝ ਦਿਨ ਪਹਿਲਾਂ ਕਪੂਰਥਲਾ ਪੁਲਸ ਵੱਲੋਂ ਪਿੰਡ ਅਕਾਲਾ ਦੇ ਰਹਿਣ ਵਾਲੇ ਜੋਗਿੰਦਰ ਸਿੰਘ ਗੁੱਜਰ ਨੂੰ ਯੂ ਏ ਪੀ ਏ ਐਕਟ ਅਧੀਨ ਗ੍ਰਿਫ਼ਤਾਰ ਕਰਨ ਦਾ ਮਾਮਲਾ ਚੁੱਕਿਆ ਹੈ।
ਇਸ ਸੰਬੰਧ ਵਿੱਚ ਸੁਖਪਾਲ ਸਿੰਘ ਖਹਿਰਾ ਦਾ ਕਹਿਣਾ ਹੈ ਕਿ ਪੁਲਸ ਨੇ ਇਸ ਕੇਸ ਵਿੱਚ ਧੱਕਾ ਕੀਤਾ ਹੈ। ਖਹਿਰਾ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਹੈ ਕਿ ਉਹ ਆਪਣੇ ਪੱਧਰ 'ਤੇ ਇਸ ਕੇਸ ਨੂੰ ਦੇਖਣ ਤੇ ਬਜ਼ੁਰਗ ਨੂੰ ਇਨਸਾਫ਼ ਦੇਣ। ਉਨ੍ਹਾਂ ਨੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ ਜੋਗਿੰਦਰ ਸਿੰਘ ਗੁੱਜਰ ਨੂੰ ਖਾੜਕੂ ਸਰਗਰਮੀਆਂ ਅਤੇ ਭਾਰਤ ਖ਼ਿਲਾਫ਼ ਜੰਗ ਛੇੜਨ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦ ਕਿ ਇਹ 65 ਸਾਲਾ ਵਿਅਕਤੀ ਪਿਛਲੇ 18 ਸਾਲਾਂ ਤੋਂ ਇਟਲੀ ਵਿੱਚ ਰਹਿ ਰਿਹਾ ਹੈ, ਉਹ ਅਨਪੜ੍ਹ ਅਤੇ ਦਿਲ ਦਾ ਮਰੀਜ਼ ਹੈ ਅਤੇ ਉਸ ਦਾ ਕੋਈ ਅਪਰਾਧਕ ਰਿਕ-ਾਰਡ ਵੀ ਨਹੀਂ। ਪੁਲਸ ਵੱਲੋਂ ਲਾਏ ਦੋਸ਼ਾਂ ਅਨੁਸਾਰ ਉਹ ਇੱਕ ਨਵੰਬਰ 2019 ਨੂੰ ਜਨੇਵਾ ਵਿਖੇ ਹੋਈ ਐਸ ਐਫ ਜੇ ਦੀ ਕਨਵੈਨਸ਼ਨ ਵਿੱਚ ਗਿਆ ਸੀ, ਜਿਸ ਦੀ ਫੋਟੋ ਤੋਂ ਉਸਦਾ ਇੱਕ ਸਧਾਰਨ ਜਿਹਾ ਦਰਸ਼ਕ ਹੋਣਾ ਦਿਖਾਈ ਦੇਂਦਾ ਹੈ। ਉਸ ਉੱਤੇ ਦੂਸਰਾ ਦੋਸ਼ ਇਹ ਲਾਇਆ ਹੈ ਕਿ ਇਟਲੀ ਦੇ ਗੁਰਦੁਆਰੇ ਵਿੱਚ ਅਵਤਾਰ ਸਿੰਘ ਪੰਨੂ ਨੂੰ ਸਿਰੋਪਾ ਦਿੱਤਾ ਹੈ। ਤੀਸਰਾ ਦੋਸ਼ ਇਹ ਹੈ ਕਿ ਜਲੰਧਰ ਦੇ ਸੰਦੀਪ ਸਿੰਘ ਨੂੰ ਉਸ ਨੇ 200 ਯੂਰੋ (15000 ਰੁਪਏ) ਦੀ ਛੋਟੀ ਰਕਮ ਵੈਸਟਰਨ ਯੂਨੀਅਨ ਰਾਹੀਂ ਭੇਜੀ ਸੀ, ਜੋ ਕਿਸੇ ਰਣ ਸਿੰਘ ਵੱਲੋਂ ਭੇਜੇ ਜਾਣ ਦੀ ਫੋਨ ਗੈਲਰੀ ਵਿੱਚ ਸੀ, ਪਰ ਉਸ ਨੇ ਇਹ ਪੈਸੇ ਭੇਜੇ ਵੀ ਨਹੀਂ। ਖਹਿਰਾ ਨੇ ਮੁੱਖ ਮੰਤਰੀ ਨੂੰ ਕਿਹਾ ਹੈ ਕਿ ਤੁਸੀਂ ਕਿਵੇਂ ਸੋਚ ਸਕਦੇ ਹੋ ਕਿ ਇੱਕ ਕਨਵੈਨਸ਼ਨ ਵਿੱਚ ਸ਼ਾਮਲ ਹੋਣ ਨਾਲ, ਕਿਸੇ ਨੂੰ ਸਿਰੋਪਾ ਦੇ ਕੇ ਅਤੇ ਜਲੰਧਰ ਵਿੱਚ ਟਰੇਸ ਨਾ ਕੀਤੇ ਜਾ ਸਕਨ ਵਾਲੇ ਕਿਸੇ ਵਿਅਕਤੀ ਨੂੰ ਮਾਮੂਲੀ 200 ਯੂਰੋ ਭੇਜ ਕੇ ਭਾਰਤ ਵਰਗੇ ਮਜ਼ਬੂਤ ਦੇਸ਼ ਦੇ ਖ਼ਿਲਾਫ਼ ਉਹ ਜੰਗ ਛੇੜ ਸਕਦਾ ਹੈ? ਉਨ੍ਹਾਂ ਕਿਹਾ ਕਿ ਅਸਲ ਵਿੱਚ ਪੰਜਾਬ ਪੁਲਸ ਪਿਛਲੇ ਕੁਝ ਸਮੇਂ ਤੋਂ ਦੁਬਾਰਾ ਸਿੱਖਾਂ ਨੂੰ ਨਿਸ਼ਾਨਾ ਬਣਾਉਣ, ਅਪਮਾਨਿਤ ਕਰਨ ਅਤੇ ਅੱਤਵਾਦੀ ਦਾ ਲੇਬਲ ਲਾਉਣ ਲਈ ਕੇਂਦਰੀ ਏਜੰਸੀਆਂ ਅਤੇ ਪੁਲਸ ਵੱਲੋਂ ਗਿਣੀ ਮਿਥੀ ਯੋਜਨਾ ਤਹਿਤ ਮਾਮਲੇ ਦਰਜ ਕਰ ਰਹੀ ਹੈ।

## ਵਿਦਿਆਰਥੀਆਂ ਨੂੰ ਫਰਜ਼ੀ ਰਸੀਦਾਂ ਦੇ ਕੇ ਅਕਾਊਂਟੈਂਟ ਵੱਲੋਂ 9.78 ਦੀ ਠੱਗੀ

ਬਠਿੰਡਾ, 6 ਜੁਲਾਈ (ਪੋਸਟ ਬਿਊਰੋ)- ਇੱਕ ਸਥਾਨਕ ਇੰਸਟੀਚਿਊਟ ਦੇ ਅਕਾਊਂਟੈਂਟ ਵੱਲੋਂ ਵਿਦਿਆਰਥੀਆਂ ਦੀ ਫੀਸ ਜੇਬ ਵਿੱਚ ਪਾਉਣ ਅਤੇ ਉਨ੍ਹਾਂ ਨੂੰ ਫਰਜ਼ੀ ਰਸੀਦਾਂ ਦੇਣ ਦੇ ਦੋਸ਼ ਵਿੱਚ ਸਦਰ ਪੁਲਸ ਨੇ ਕੇਸ ਦਰਜ ਕਰ ਲਿਆ ਹੈ, ਜਦ ਕਿ ਦੋਸ਼ੀ ਅਕਾਊਂਟੈਂਟ ਫਰਾਰ ਹੋਣ ਵਿੱਚ ਸਫਲ ਹੋ ਗਿਆ ਹੈ।
ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ (ਆਈ ਐਚ ਐਮ) ਦੇ ਅਕਾਊਂਟੈਂਟ ਰਾਹੁਲ ਗਰਗ ਉੱਤੇ ਵਿਦਿਆਰਥੀਆਂ ਦੀ ਫੀਸਾਂ ਵਿੱਚ 9,78,650 ਰੁਪਏ ਦਾ ਗਬਨ ਕਰਨ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਗਿਆ ਹੈ। ਪ੍ਰਿੰਸੀਪਲ ਰਾਜਨੀਤ ਕੋਹਲੀ ਵੱਲੋਂ ਕੀਤੀ ਦੀ ਸ਼ਿਕਾਇਤ ਨੂੰ ਪੁਲਸ ਨੇ ਜਾਂਚ ਵਿੱਚ ਸਹੀ ਪਾਇਆ ਅਤੇ ਅਕਾਊਂਟੈਂਟ 'ਤੇ ਮਾਮਲਾ ਦਰਜ ਕਰ ਲਿਆ ਹੈ। ਐਸ ਐਸ ਪੀ ਬਠਿੰਡਾ ਨੂੰ 15 ਜਨਵਰੀ 2019 ਨੂੰ ਆਈ ਐਚ ਐਮ ਦੇ ਪ੍ਰਿੰਸੀਪਲ ਨੇ ਸ਼ਿਕਾਇਤ ਦੇ ਕੇ ਦੋਸ਼ ਲਾਇਆ ਸੀ ਕਿ ਅਕਾਊਂਟੈਂਟ ਨੇ ਫਰਜ਼ੀ ਰਸੀਦਾਂ ਦੇ ਕੇ ਵਿਦਿਆਰਥੀਆਂ ਨੂੰ ਦਿੱਤੀਆਂ ਅਤੇ ਪੈਸੇ ਜੇਬ ਵਿੱਚ ਪਾ ਲਏ ਹਨ। ਇਸ ਦਾ ਖੁਲਾਸਾ ਸਲਾਨਾ ਆਡਿਟ ਦੌਰਾਨ ਹੋਇਆ, ਜਦੋਂ ਚਾਰਟਰਡ ਅਕਾਊਂਟੈਂਟ ਨੇ ਵੇਖਿਆ ਕਿ 43 ਵਿਦਿਆਰਥੀਆਂ ਦੀ ਫੀਸ ਜਮ੍ਹਾ ਨਹੀਂ ਹੋਈ। ਜਦੋਂ ਜਾਂਚ ਕੀਤੀ ਤਾਂ ਵਿਦਿਆਰਥੀਆਂ ਨੂੰ ਦਿੱਤੀਆਂ ਰਸੀਦਾਂ ਫਰਜ਼ੀ ਨਿਕਲੀਆਂ। ਸ਼ਿਕਾਇਤ ਮਿਲਣ ਉੱਤੇ ਐਸ ਐਸ ਪੀ ਨੇ ਐਸ ਪੀ ਸਿਟੀ ਜਸਪਾਲ ਸਿੰਘ ਨੂੰ ਜਾਂਚ ਦੇ ਨਿਰਦੇਸ਼ ਦਿੱਤੇ ਅਤੇ ਜਾਂਚ ਵਿੱਚ ਨਿਊਟ੍ਰੀਸ਼ਨ ਗ੍ਰੋਥ ਸੈਂਟਰ ਵਿੱਚ ਪੜ੍ਹਦੇ ਵਿਦਿਆਰਥੀਆਂ ਵਿੱਚ ਫੀਸ ਵਸੂਲੀ ਗਈ, ਪਰ ਫਰਜ਼ੀ ਕੈਸ਼ ਬੁੱਕ ਤੋਂ ਰਸੀਦਾਂ ਕੱਟਣ ਦਾ ਪਤਾ ਲੱਗਾ। ਇਸ ਪਿੱਛੋਂ ਦਫ਼ਤਰ ਰਿਕਾਰਡ ਵਿੱਚ ਕਾਰਬਨ ਪੇਪਰ ਲਾ ਕੇ ਅਕਾਊਂਟੈਂਟ ਗਰਗ ਨੇ ਖੁਦ ਡੀ ਡੀ ਡੀ (ਡਿਮਾਂਡ ਡਰਾਫਟ) ਨੰਬਰ ਲਿਖ ਕੇ ਧੋਖਾ ਕੀਤਾ ਸੀ। ਪੁਲਸ ਕੇਸ ਦਰਜ ਕਰ ਦੋਸ਼ੀ ਦੀ ਗ੍ਰਿਫ਼ਤਾਰੀ ਲਈ ਛਾਪਾਮਾਰੀ ਕਰ ਰਹੀ ਹੈ।

## ਬੱਸੀ ਪਠਾਣਾਂ ਦੇ ਨੌਜਵਾਨਾਂ ਨੇ ਜੁਗਾੜ ਨਾਲ ਟਿਕ-ਟਾਕ ਚਲਾ ਲਈ

ਬੱਸੀ ਪਠਾਣਾਂ, 6 ਜੁਲਾਈ (ਪੋਸਟ ਬਿਊਰੋ)- ਭਾਰਤ ਅਤੇ ਚੀਨ ਵਿਚਾਲੇ ਪਿਛਲੇ ਕਈ ਦਿਨਾਂ ਤੋਂ ਚੱਲਦੇ ਖ਼ਰਾਬ ਸਬੰਧਾਂ ਕਾਰਨ ਨਰਿੰਦਰ ਮੋਦੀ ਸਰਕਾਰ ਨੇ ਚਾਈਨੀਜ਼ ਐਪ 'ਟਿਕ-ਟਾਕ' ਸਮੇਤ 59 ਐਪਸ 'ਤੇ ਪਾਬੰਦੀ ਲਾ ਦਿੱਤੀ ਸੀ, ਜਿਸ ਤੋਂ ਬਾਅਦ ਟਿਕ-ਟਾਕ ਦੇ ਯੂਜ਼ਰਜ਼ ਦਾ ਦਿਲ ਟੁੱਟ ਗਿਆ ਸੀ। ਕਈ ਯੂਜ਼ਰਜ਼ ਵੱਲੋਂ ਦੀ ਰੋਂਦਿਆਂ ਦੀਆਂ ਪੋਸਟਾਂ ਵੀ ਦੇਖਣ ਨੂੰ ਮਿਲੀਆਂ ਤੇ ਕਈ ਯੂਜ਼ਰਜ਼ ਨੇ ਕੇਂਦਰ ਸਰਕਾਰ ਤੋਂ ਟਿਕ-ਟਾਕ 'ਤੇ ਪਾਬੰਦੀ ਨਾ ਲਾਉਣ ਦੀ ਫ਼ਰਿਆਦ ਕੀਤੀ ਸੀ। ਭਾਰਤ ਦੀ ਜੁਗਾੜੂ ਤਕਨੀਕ ਤੋਂ ਹਰ ਦੇਸ਼ ਦੇ ਲੋਕ ਵਾਕਿਫ਼ ਹਨ ਤੇ ਇਸੇ ਤਕਨੀਕ ਦਾ ਸਹਾਰਾ ਲੈ ਕੇ ਬੱਸੀ ਪਠਾਣਾਂ ਦੇ ਕੁਝ ਨੌਜਵਾਨਾਂ ਨੇ ਬੰਦ ਪਏ ਟਿਕ-ਟਾਕ ਨੂੰ ਮੁੜ ਚਾਲੂ ਕਰ ਲਿਆ ਹੈ ਅਤੇ ਉਹ ਇਸ ਦੀਆਂ ਵੀਡੀਓਜ਼ ਦਾ ਲੁਤਫ਼ ਉਠਾ ਰਹੇ ਹਨ।
ਬੱਸੀ ਪਠਾਣਾਂ ਦੇ ਕੁਝ ਨੌਜਵਾਨਾਂ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ ਉੱਤੇ ਮੀਡੀਆ ਨੂੰ ਦੱਸਿਆ ਕਿ ਜਿਹੜੇ ਯੂਜ਼ਰਜ਼ ਨੇ ਟਿਕ-ਟਾਕ ਅਨਇੰਸਟਾਲ ਜਾਂ ਡਿਲੀਟ ਕਰ ਦਿੱਤਾ ਹੈ, ਉਨ੍ਹਾਂ ਦੇ ਮੋਬਾਈਲ ਵਿੱਚ ਇਹ ਨਹੀਂ ਚੱਲੇਗੀ, ਪਰ ਜਿਨ੍ਹਾਂ ਨੇ ਅਜੇ ਤੱਕ ਟਿਕ-ਟਾਕ ਐਪ ਡਿਲੀਟ ਨਹੀਂ ਕੀਤਾ, ਉਨ੍ਹਾਂ ਦਾ ਇਹ ਐਪ ਫਿਰ ਚੱਲ ਸਕਦਾ ਹੈ, ਜਿਸ ਲਈ ਕੁਝ ਤਬਦੀਲੀਆਂ ਕਰਨੀਆਂ ਪੈਂਦੀਆਂ ਹਨ, ਇਸ ਤੋਂ ਬਾਅਦ ਇਹ ਐਪ ਫ਼ਿਰ ਸ਼ੁਰੂ ਹੋ ਜਾਵੇਗਾ। ਇਹੀ ਨਹੀਂ, ਇਸ 'ਚ ਨਵੇਂ ਵੀਡੀਓਜ਼ ਵੀ ਅਪਲੋਡ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਐਪ ਸ਼ੁਰੂ ਕਰਨ ਦੀ ਪ੍ਰਕਿਰਿਆ ਇਸ ਕਰ ਕੇ ਪੂਰੀ ਨਹੀਂ ਦੱਸ ਸਕਦੇ ਕਿ ਸਰਕਾਰ ਨੇ ਇਸ 'ਤੇ ਪਾਬੰਦੀ ਲਾਈ ਹੈ ਤੇ ਪ੍ਰਕਿਰਿਆ ਦਾ ਪਤਾ ਲੱਗਣ 'ਤੇ ਹਰ ਕੋਈ ਇਸ ਦੀ ਵਰਤੋਂ ਕਰਨ ਲੱਗ ਪਵੇਗਾ, ਜੋ ਦੇਸ਼ ਦੇ ਹਿੱਤ 'ਚ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇੱਕ ਤਰ੍ਹਾਂ ਐਪ ਨਾਲ ਪੰਗਾ ਲੈਂਦੇ ਹੋਏ ਜੁਗਾੜ ਕਰ ਕੇ ਇਸ ਨੂੰ ਚਲਾ ਲਿਆ ਹੈ, ਪਰ ਉਹ ਸਰਕਾਰ ਤੋਂ ਮੰਗ ਕਰਦੇ ਹਨ ਕਿ ਇਸ ਐਪ ਨੂੰ ਏਦਾਂ ਬੰਦ ਕੀਤਾ ਜਾਵੇ ਕਿ ਇਸ ਨੂੰ ਸ਼ੁਰੂ ਕਰਨ 'ਚ ਕੋਈ ਵੀ ਜੁਗਾੜ ਕੰਮ ਨਾ ਕਰ ਸਕੇ ਤੇ ਲੋਕ ਦੇਸ਼ ਹਿੱਤ 'ਚ ਇੱਕਜੁੱਟ ਹੋ ਸਕਣ।

# ਅਮਰੀਕਾ ਤੇ ਬਰਤਾਨੀਆ ਏਸ਼ਿਆਈ ਦੇਸ਼ਾਂ ਵਿਚ ਭੇਜ ਰਹੇ ਹਨ ਫ਼ੌਜਾਂ

ਲੰਡਨ, 6 ਜੁਲਾਈ (ਪੋਸਟ ਬਿਊਰੋ)- ਭਾਰਤ ਅਤੇ ਏਸ਼ੀਆ ਦੇ ਹੋਰ ਦੇਸ਼ਾਂ ਨਾਲ ਚੀਨ ਦੀ ਵਧਦੀ ਧੱਕੇਸ਼ਾਹੀ ਅਤੇ ਜੰਗ ਦੇ ਖ਼ਤਰੇ ਕਾਰਨ ਅਮਰੀਕਾ ਅਤੇ ਜਾਪਾਨ ਤੋਂ ਲੈ ਕੇ ਆਸਟ੍ਰੇਲੀਆ ਤੱਕ ਆਪਣੇ ਹਜ਼ਾਰਾਂ ਫੌਜੀਆਂ ਨੂੰ ਏਸ਼ੀਆ ਵਿੱਚ ਤਾਇਨਾਤ ਕਰਨ ਜਾ ਰਹੇ ਹਨ। ਡੋਨਾਲਡ ਟਰੰਪ ਪ੍ਰਸ਼ਾਸਨ ਦੀ ਸੋਚ ਹੈ ਕਿ ਹਿੰਦ-ਪ੍ਰਸ਼ਾਂਤ ਖੇਤਰ 'ਚ ਸਰਦ ਯੁੱਧ ਤੋਂ ਬਾਅਦ ਇਹ ਸਭ ਤੋਂ ਮਹੱਤਵ ਪੂਰਨ ਜ਼ਮੀਨੀ ਸਿਆਸੀ ਚੁਣੌਤੀ ਹੈ।

ਇਸ ਤਾਇਨਾਤੀ ਨਾਲ ਅਮਰੀਕੀ ਸੈਨਾ ਆਪਣਾ ਵਿਸ਼ਵ ਪੱਧਰੀ ਦਬਦਬਾ ਮੁੜ ਕਾਇਮ ਕਰੇਗੀ। ਬਰਤਾਨੀਆ ਵੀ ਸਵੇਜ਼ ਨਦੀ ਨੇੜੇ ਆਪਣੇ ਹਜ਼ਾਰਾਂ ਕਮਾਂਡੋ ਤਾਇਨਾਤ ਕਰ ਰਿਹਾ ਹੈ। ਅਮਰੀਕਾ ਆਪਣੇ ਜਰਮਨੀ ਵਿੱਚ ਤਾਇਨਾਤ ਹਜ਼ਾਰਾਂ ਫ਼ੌਜੀਆਂ ਨੂੰ ਏਸ਼ੀਆ ਵਿੱਚ ਭੇਜਣ ਲੱਗਾ ਹੈ। ਇਹ ਫ਼ੌਜੀ ਗੁਆਮ, ਹਵਾਈ, ਅਲਾਸਕਾ, ਜਾਪਾਨ ਤੇ ਆਸਟ੍ਰੇਲੀਆ 'ਚ ਫ਼ੌਜੀ ਅੱਡਿਆਂ 'ਤੇ ਤਾਇਨਾਤ ਕੀਤੇ ਜਾਣਗੇ, ਜਿਸ ਨਾਲ ਸੰਸਾਰ ਵਿੱਚ ਹਲਚਲ ਮੱਚ ਸਕਦੀ ਹੈ।

ਜਾਪਾਨ ਦੇ ਨਿਕੇਈ ਏਸ਼ੀਅਨ ਰਿਵਿਊ ਦੀ ਰਿਪੋਰਟ ਅਨੁਸਾਰ ਅਮਰੀਕਾ ਦੀ ਪਹਿਲ ਬਦਲ ਗਈ ਹੈ। ਸੀਤ ਯੁੱਧ ਦੌਰਾਨ ਅਮਰੀਕਾ ਦੇ ਮਾਹਿਰਾਂ ਦਾ ਯਕੀਨ ਸੀ ਕਿ ਸੋਵੀਅਤ ਯੂਨੀਅਨ ਨੂੰ ਕੰਟਰੋਲ ਕਰਨ ਲਈ ਵੱਡੀ ਗਿਣਤੀ 'ਚ ਫੌਜ ਨੂੰ ਯੂਰਪ 'ਚ ਰੱਖਣ ਦੀ ਲੋੜ ਸੀ। ਸੰਨ 2000 'ਚ ਅਮਰੀਕਾ ਦਾ ਧਿਆਨ ਮੁੱਖ ਤੌਰ 'ਤੇ ਅੱਤਵਾਦ ਉਤੇ ਕੇਂਦਰਿਤ ਸੀ ਅਤੇ ਉਸ ਨੇ ਇਰਾਕ ਤੇ ਅਫ਼ਗਾਨਿਸਤਾਨ ਵਿੱਚ ਅੱਤਵਾਦ ਵਿਰੁੱਧ ਜੰਗ ਛੇੜੀ ਸੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕੌਮੀ



ਸੁਰੱਖਿਆ ਸਲਾਹਕਾਰ ਰਾਬਰਟ ਓ ਬ੍ਰਾਇਨ ਨੇ ਪਿਛਲੇ ਮਹੀਨੇ ਇੱਕ ਲੇਖ 'ਚ ਕਿਹਾ ਸੀ ਕਿ ਚੀਨ ਤੇ ਰੂਸ ਆਦਿ ਦੋ ਮਹਾਂਸ਼ਕਤੀਆਂ ਨਾਲ ਮੁਕਾਬਲਾ ਕਰਨ ਲਈ ਅਮਰੀਕਾ ਦੀ ਫ਼ੌਜ ਨੂੰ ਯਕੀਨੀ ਤੌਰ 'ਤੇ ਪਹਿਲਾਂ ਨਾਲੋਂ ਵੱਧ ਤੇਜ਼ ਤਾਇਨਾਤੀ ਕਰਨੀ ਹੋਵੇਗੀ। ਇਸ ਟੀਚੇ ਨੂੰ ਹਾਸਲ ਕਰਨ ਲਈ ਅਮਰੀਕਾ ਜਰਮਨੀ ਤੋਂ ਆਪਣੇ 34500 ਫੌਜੀ ਘਟਾ ਕੇ 25000 ਕਰਨ ਜਾ ਰਿਹਾ ਹੈ। ਇਹ 9500 ਅਮਰੀਕੀ ਸੈਨਿਕ ਹਿੰਦ-ਪ੍ਰਸ਼ਾਂਤ ਖੇਤਰ 'ਚ ਤਾਇਨਾਤ ਕੀਤੇ ਜਾਣਗੇ ਜਾਂ ਅਮਰੀਕਾ ਦੇ ਇੱਕ ਫ਼ੌਜੀ ਅੱਡੇ 'ਤੇ ਭੇਜੇ ਜਾਣਗੇ।

ਇਸ ਬਾਰੇ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਅਮਰੀਕੀ ਸੈਨਾ ਦੇ ਅੰਤਰਰਾਸ਼ਟਰੀ ਆਪ੍ਰੇਸ਼ਨਾਂ 'ਚ ਤਿੰਨ ਤਬਦੀਲੀਆਂ ਹੋਈਆਂ ਹਨ। ਸਭ ਤੋਂ ਪਹਿਲੀ ਤਬਦੀਲੀ ਵਿੱਚ ਅਮਰੀਕੀ ਫ਼ੌਜ ਨੇ ਯੂਰਪ ਤੇ ਪੱਛਮੀ ਏਸ਼ੀਆ ਦੇ ਏਸ਼ੀਆ ਪ੍ਰਸ਼ਾਂਤ ਖੇਤਰ 'ਤੇ ਧਿਆਨ ਕੇਂਦਰਿਤ ਕੀਤਾ ਹੈ। ਦੂਸਰਾ, ਜ਼ਮੀਨੀ ਜੰਗ ਦੀ ਥਾਂ ਸਮੁੰ-ਦਰ ਅਤੇ ਹਵਾ 'ਚ ਜੰਗ 'ਤੇ ਧਿਆਨ ਕੇਂਦਰਿਤ ਕੀਤਾ ਹੈ। ਤੀਸਰਾ, ਟਰੰਪ ਪ੍ਰਸ਼ਾਸਨ ਅੱਗੇ ਤੋਂ ਅਮਰੀਕੀ ਫ਼ੌਜ 'ਤੇ ਖ਼ਰਚ ਘੱਟ ਕਰਨਾ ਚਾਹੁੰਦਾ ਹੈ। ਅਮਰੀਕਾ ਤੇਲ ਲਈ ਪੱਛਮੀ ਏਸ਼ੀਆ 'ਚ ਗਿਆ ਸੀ, ਪਰ ਤੇਲ ਇਥੇ ਪੈਦਾ ਹੋਣਾ ਸ਼ੁਰੂ ਹੋ ਗਿਆ ਹੈ। ਸਾਲ 1987 'ਚ 184000 ਅਮਰੀਕੀ ਸੈਨਿਕ ਏਸ਼ੀਆ ਤੇ ਪ੍ਰਸ਼ਾਂਤ ਖੇਤਰ 'ਚ ਸਨ, ਪਰ ਸਾਲ 2018 'ਚ ਇਹ ਘਟ ਕੇ 131000 ਹੋ ਗਏ। ਟਰੰਪ ਪ੍ਰਸ਼ਾਂਸਨ ਦੱਖਣੀ ਕੋਰੀਆ ਅਤੇ ਜਾਪਾਨ ਨਾਲ ਸੈਨਿਕਾਂ ਦੀ ਤਾਇਨਾਤੀ ਦੀ ਗੱਲਬਾਤ ਕਰ ਰਿਹਾ ਹੈ। ਫਾਈਨੈਂਸ਼ੀਅਲ ਟਾਈਮਜ਼ ਦੀ ਰਿਪੋਰਟ ਅਨੁਸਾਰ ਬਰਤਾਨੀਆ, ਜਿਹੜਾ ਅਮਰੀਕਾ ਦਾ ਸਭ ਤੋਂ ਨਜ਼ਦੀਕੀ ਸਹਿਯੋਗੀ ਹੈ, ਚੀਨ ਦੀ ਧਮਕੀ ਨਾਲ ਨਜਿੱਠਣ ਲਈ ਆਪਣੇ ਸੈਨਿਕਾਂ ਨੂੰ ਏਸ਼ੀਆ ਭੇਜ ਰਿਹਾ ਹੈ। ਬ੍ਰਿਟਿਸ਼ ਫ਼ੌਜ ਦਾ ਮੰਨਣਾ ਹੈ ਕਿ ਏਸ਼ੀਆਈ ਸਹਿਯੋਗੀ ਦੇਸ਼ਾਂ ਨਾਲ ਨਜ਼ਦੀਕੀ ਸਬੰਧ ਰੱਖਣ, 'ਆਰਟੀਫੀਸ਼ੀਅਲ ਇੰਟੈਲੀਜੈਂਸ' ਦੀ ਵਰਤੋਂ ਕਰਕੇ ਤੇ ਸਵੇਜ਼ ਨਦੀ ਨੇੜੇ ਹੋਰ ਜਵਾਨਾਂ ਨੂੰ ਤਾਇਨਾਤ ਕਰਕੇ ਚੀਨ ਨੂੰ ਨੱਥ ਪਾਈ ਜਾ ਸਕਦੀ ਹੈ।

## ਈਰਾਨ ਦੇ ਹਰ ਹਾਦਸੇ ਵਿੱਚ ਇਜ਼ਰਾਈਲ ਦਾ ਹੱਥ ਨਹੀਂ ਹੋ ਸਕਦਾ



ਯੇਰੂਸ਼ਲਮ, 6 ਜੁਲਾਈ (ਪੋਸਟ ਬਿਊਰੋ)- ਈਰਾਨ ਦੇ ਨਤਾਂਜ ਐਟਮੀ ਕੇਂਦਰ ਵਿੱਚ ਹੋਏ ਧਮਾਕੇ ਬਾਰੇ ਇਜ਼ਰਾਈਲ ਨੇ ਸਫਾਈ ਦਿੱਤੀ ਕਿ ਈਰਾਨ ਵਿੱਚ ਹੁੰਦੀ ਹਰ ਰਹੱਸਮਈ ਘਟਨਾ ਲਈ ਉਸ ਨੂੰ ਦੋਸ਼ੀ ਠਹਿਰਾਉਣਾ ਠੀਕ ਨਹੀਂ।

ਅਸਲ ਵਿੱਚ ਈਰਾਨੀ ਅਧਿਕਾਰੀਆਂ ਦਾ ਕਹਿਣਾ ਸੀ ਕਿ ਇਹ ਧਮਾਕਾ ਇੱਕ ਸਾਈਬਰ ਹਮਲੇ ਦਾ ਨਤੀਜਾ ਸੀ। ਕੱਲ੍ਹ ਇਸ ਅੰਡਰਗਰਾਊਂਡ ਯੂਰੇਨੀਅਮ ਵਿਕਾਸ ਕੇਂਦਰ ਦੇ ਇੱਕ ਹਿੱਸੇ ਵਿੱਚ ਧਮਾਕੇ ਤੋਂ ਬਾਅਦ ਅੱਗ ਲੱਗ ਗਈ ਸੀ। ਇਜ਼ਰਾਈਲੀ ਰੇਡੀਓ ਵੱਲੋਂ ਇੱਕ ਸਵਾਲ ਦੇ ਜਵਾਬ ਵਿੱਚ ਰੱਖਿਆ ਮੰਤਰੀ ਬੇਨੀ ਗੇਟਜ ਨੇ ਕਿਹਾ, ਈਰਾਨ ਵਿੱਚ ਹੋਣ ਵਾਲੀ ਹਰ ਘਟਨਾ ਦੇ ਪਿੱਛੇ ਸਾਡਾ ਹੱਥ ਹੋਣਾ ਜ਼ਰੂਰੀ ਨਹੀਂ। ਐਟਮੀ ਟੈਕਨਾਲੋਜੀ ਦੀਆਂ ਆਪਣੀਆਂ ਮੁਸ਼ਕਲਾਂ ਹਨ ਅਤੇ ਉਨ੍ਹਾਂ ਦੇ ਸੁਰੱਖਿਆ ਮਾਪਦੰਡਾਂ ਵਿੱਚ ਭਾਰੀ ਕਮੀ ਹੈ। ਮੈਂ ਇਹ ਪੱਕੇ ਤੌਰ 'ਤੇ ਨਹੀਂ ਕਹਿ ਸਕਦਾ ਕਿ ਉਹ ਇਸ ਨੂੰ ਤਰੀਕੇ ਨਾਲ ਚਲਾਉਣ ਦੇ ਸਮਰੱਥ ਵੀ ਹਨ।

ਦੂਸਰੇ ਪਾਸੇ ਰਾਈਟਰ ਨਾਲ ਗੱਲਬਾਤ ਵਿੱਚ ਤਿੰਨ ਈਰਾਨੀ ਅਧਿਕਾਰੀਆਂ ਨੇ ਕਿਹਾ ਹੈ ਕਿ ਨਤਾਂਜ ਵਿੱਚ ਹੋਇਆ ਧਮਾਕਾ ਸਾਈਬਰ ਹਮਲੇ ਦਾ ਨਤੀਜਾ ਸੀ, ਪਰ ਇਸ ਦਾ ਕੋਈ ਸਬੂਤ ਨਹੀਂ ਹੈ। ਇਨ੍ਹਾਂ ਵਿੱਚੋਂ ਦੋ ਅਧਿਕਾਰੀਆਂ ਨੇ ਇਸ ਪਿੱਛੇ ਇਜ਼ਰਾਈਲ ਦਾ ਹੱਥ ਹੋਣ ਦਾ ਸ਼ੱਕ ਜ਼ਾਹਿਰ ਕੀਤਾ ਸੀ। ਈਰਾਨ ਦੀ ਸਰਕਾਰੀ ਨਿਊਜ਼ ਏਜੰਸੀ ਇਰਨਾ ਵਿੱਚ ਛਪੇ ਇੱਕ ਲੇਖ ਵਿੱਚ ਕਿਹਾ ਗਿਆ ਹੈ ਕਿ ਇਸ ਹਮਲੇ ਪਿੱਛੇ ਇਜ਼ਰਾਈਲ ਅਤੇ ਅਮਰੀਕਾ ਵਰਗੇ ਦੁਸ਼ਮਣਾਂ ਦਾ ਹੱਥ ਹੋ ਸਕਦਾ ਹੈ, ਪਰ ਇਸ ਲਈ ਸਿੱਧੇ ਤੌਰ 'ਤੇ ਕਿਸੇ ਨੂੰ ਜ਼ਿੰਮੇਵਾਰ ਨਹੀਂ ਕਿਹਾ ਗਿਆ। ਮੰਨਿਆ ਜਾਂਦਾ ਹੈ ਕਿ ਪੱਛਮੀ ਏਸ਼ੀਆ ਵਿੱਚ ਇਜ਼ਰਾਈਲ ਇੱਕੋ-ਇੱਕ ਐਟਮੀ ਤਾਕਤ ਹੈ ਤੇ ਉਸ ਨੇ ਇਹ ਧਾਰਿਆ ਹੋਇਆ ਹੈ ਕਿ ਈਰਾਨ ਨੂੰ ਕਿਸੇ ਵੀ ਕੀਮਤ 'ਤੇ ਪਰਮਾਣੂ ਹਥਿਆਰ ਨਹੀਂ ਬਣਾਉਣ ਦੇਵੇਗਾ। ਇਜ਼ਰਾਈਲ ਇਸ ਨੂੰ ਆਪਣੀ ਹੋਂਦ ਲਈ ਖਤਰਾ ਮੰਨਦਾ ਹੈ।

# ਕੇਸਗੜ੍ਹ ਸਾਹਿਬ ਤੋਂ ਅੰਮ੍ਰਿਤ ਛਕ ਕੇ ਸਿੱਖ ਗੋਰਾ ਨੌਜਵਾਨ ਨਿਊਜ਼ੀਲੈਂਡ ਦੀ ਫੌਜ ਵਿੱਚ ਭਰਤੀ

ਰੋਪੜ, 6 ਜੁਲਾਈ (ਪੋਸਟ ਬਿਊਰੋ)- ਨਿਊਜ਼ੀਲੈਂਡ ਦੀ ਸੁਰੱਖਿਆ ਲਈ ਇੱਥੋਂ ਦੀ ਇੱਕ ਆਧੁਨਿਕ ਸੈਨਾ ਮੌਜੂਦ ਹੈ, ਜੋ ਯੂ ਐੱਨ ਦੀ ਮਦਦ ਨਾਲ ਅਫਗਾਨਿਸਤਾਨ 'ਚ ਵੀ ਆਪਣੀਆਂ ਸੇਵਾਵਾਂ ਦਿੰਦੀ ਹੈ।

ਕੱਲ੍ਹ ਆਰਮੀ 'ਚ ਨਵੇਂ ਭਰਤੀ ਹੋਏ 63 ਨੌਜਵਾਨਾਂ ਦੀ ਪਾਸਿੰਗ ਪ੍ਰੇਡ ਹੋਈ ਤਾਂ ਇਸ ਵਿੱਚ 23 ਸਾਲਾ ਇੱਕ ਗੋਰੇ ਨੌਜਵਾਨ, ਜਿਸ ਨੇ ਆਰਮੀ ਦੀ ਵਰਦੀ ਵਾਲੀ ਹਰੇ ਰੰਗ ਦੀ ਪੱਗ ਬੰਨ੍ਹੀ ਹੋਈ ਸੀ, ਪੱਗ ਉੱਤੇ ਆਰਮੀ ਦਾ ਲੋਗੋ, ਭੂਰੀ-ਭੂਰੀ ਦਾੜ੍ਹੀ ਪ੍ਰਕਾਸ਼ ਕੀਤੀ ਹੋਈ ਅਤੇ ਕੱਛ 'ਚ ਮਿਲਟਰੀ ਸਲੀਕੇ ਨਾਲ ਬੰਦੂਕ ਫੜੀ ਹੋਈ ਸੀ, ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ।



ਇਸ ਗੋਰੇ ਨੌਜਵਾਨ ਦਾ ਨਾਂ ਲੂਈ ਸਿੰਘ ਖਾਲਸਾ ਹੈ। ਇਸ ਦਾ ਅੰਗਰੇਜ਼ੀ ਨਾਂ ਲੂਈਸ ਟਾਲਬੋਟ ਹੈ। ਇਸ ਨੌਜਵਾਨ ਨੇ ਕੇਸਗੜ੍ਹ ਸਾਹਿਬ ਤੋਂ ਅੰਮ੍ਰਿਤ ਛਕਿਆ ਸੀ ਤੇ ਫਿਰ ਨਿਊਜ਼ੀਲੈਂਡ ਦੀ ਆਰਮੀ 'ਚ ਭਰਤੀ ਹੋ ਗਿਆ। ਇਹ ਨੌਜਵਾਨ ਕੈਂਟਰਬਰੀ ਦੇ ਇੱਕ ਸ਼ਹਿਰ ਟੀਮਾਰੂ ਦਾ ਰਹਿਣਾ ਵਾਲਾ ਹੈ। ਇਸ ਨੇ ਆਪਣੀ ਪੜ੍ਹਾਈ ਕ੍ਰਾਈਸਟ ਕਾਲਜ ਕ੍ਰਾਈਸਟਚਰਚ ਤੋਂ ਪੂਰੀ ਕੀਤੀ ਹੈ। ਸਿੱਖੀ ਜੀਵਨ ਬਾਰੇ ਉਸ ਨੇ ਦੱਸਿਆ ਕਿ 2015 'ਚ ਸਕੂਲ ਤੋਂ ਬਾਅਦ ਉਹ ਆਪਣੇ ਇੱਕ ਦੋਸਤ ਦੇ ਘਰ ਇੱਕ ਸਿੱਖ ਨੌਜਵਾਨ ਤੇਜਿੰਦਰ ਸਿੰਘ ਨੂੰ ਮਿਲਿਆ ਤਾਂ ਉਸ ਨੇ ਗੁਰੂ ਘਰ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਉਸ ਸਿੱਖ ਨੌਜਵਾਨ ਸੁਖਪ੍ਰੀਤ ਸਿੰਘ, ਕਮਲ ਸਿੰਘ, ਦਿਲਰਾਜ ਸਿੰਘ, ਕੰਵਲਜੀਤ ਸਿੰਘ ਤੇ ਰਾਜਵਿੰਦਰ ਸਿੰਘ ਨੂੰ ਮਿਲਦਾ ਰਹਿੰਦਾ ਸੀ ਅਤੇ ਸਿੱਖੀ ਜੀਵਨ ਵੱਲ ਪ੍ਰਰਿਤ ਹੋਣ ਲੱਗਾ। ਜੂਨ 2018 'ਚ ਇਹ ਨੌਜਵਾਨ ਪੰਜਾਬ ਆਇਆ ਅਤੇ ਇੱਕ ਸਿੱਖ ਪਰਵਾਰ ਨਾਲ ਰਹਿਣ ਲੱਗ ਪਿਆ। ਨੌਜਵਾਨ ਨੇ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਤੋਂ ਅੰਮ੍ਰਿਤਪਾਨ ਕੀਤਾ। ਇਸ ਨੌਜਵਾਨ ਦੀ ਮਾਤਾ ਇੰਗਲੈਂਡ ਤੋਂ ਹੈ ਅਤੇ ਪਿਤਾ ਨਿਊਜ਼ੀਲੈਂਡ ਤੋਂ।

## ਯੂ ਏ ਈ ਵਿੱਚ ਫਸਿਆ ਭਾਰਤੀ ਏਅਰਪੋਰਟ ਉੱਤੇ ਸੁੱਤਾ ਰਿਹਾ, ਵਿਸ਼ੇਸ਼ ਜਹਾਜ਼ ਵੀ ਛੁੱਟ ਗਿਆ

ਦੁਬਈ, 6 ਜੁਲਾਈ (ਪੋਸਟ ਬਿਊਰੋ)- ਸੰਯੁਕਤ ਅਰਬ ਅਮੀਰਾਤ (ਯੂ ਏ ਈ) ਵਿੱਚ ਪੰਜਾਹ ਦਿਨ ਤੋਂ ਫਸਿਆ ਭਾਰਤੀ ਇੱਕ ਵਾਰ ਫਿਰ ਭਾਰਤ ਨਹੀਂ ਆ ਸਕਿਆ। ਅਸਲ ਵਿੱਚ 53 ਸਾਲਾ ਕਾਮਾ ਦੁਬਈ ਏਅਰਪੋਰਟ 'ਤੇ ਸੁੱਤਾ ਰਿਹਾ। ਇਸ ਕਾਰਨ ਉਹ ਭਾਰਤ ਆਉਣ ਵਾਲੇ ਵਿਸ਼ੇਸ਼ ਜਹਾਜ਼ ਵਿੱਚ ਸਵਾਰ ਨਹੀਂ ਹੋ ਸਕਿਆ।

ਗਲਫ ਨਿਊਜ਼ ਦੇ ਮੁਤਾਬਕ ਆਬੂਧਾਬੀ ਵਿੱਚ ਸਟੋਰਕੀਪਰ ਦਾ ਕੰਮ ਕਰਨ ਵਾਲਾ ਪੀ ਸ਼ਾਜਹਾਂ ਐਮੀਰੇਟਸ ਦੇ ਜੰਬੋ ਜੈਟ ਰਾਹੀਂ ਕੇਰਲ ਦੇ ਤਿਰੂਵਨੰਤਪੁਰਮ ਮੁੜਨ ਵਾਲਾ ਸੀ। ਇਸ ਪਲੇਨ ਦੀ ਵਿਵਸਥਾ ਕੇਰਲ ਮੁਸਲਿਮ ਸਭਿਆਚਾਰਕ ਕੇਂਦਰ (ਕੇ ਐੱਮ ਸੀ ਸੀ) ਦੁਬਈ ਨੇ ਕੀਤੀ ਸੀ। ਘਰ ਵਾਪਸੀ ਲਈ ਪਹਿਲੀ ਵਾਰ ਜੰਬੋ ਜੈੱਟ ਨੂੰ ਕਿਰਾਏ ਉੱਤੇ ਲਿਆ ਗਿਆ ਸੀ। ਇਹ ਜੰਬੋ ਜੈੱਟ ਸ਼ਨੀਵਾਰ ਨੂੰ 427 ਭਾਰਤੀਆਂ ਨੂੰ ਲੈ ਕੇ ਕੇਰਲ ਪੁੱਜਾ ਸੀ। ਪੀ ਸ਼ਾਜਹਾਂ ਨੇ ਕਿਹਾ, ਮੈਂ ਸ਼ੁੱਕਰਵਾਰ ਨੂੰ ਏਅਰਪੋਰਟ ਪਹੁੰਚਿਆ। ਜਾਂਚ ਪ੍ਰਕਿਰਿਆ ਪੂਰੀ ਕਰਨ ਪਿੱਛੋਂ ਟਰਮੀਨਲ ਤਿੰਨ 'ਤੇ ਉਡੀਕ ਕਰਨ ਲੱਗਾ। ਇਸ ਦੇ ਬਾਅਦ ਸ਼ਾਮ 4.30 ਵਜੇ ਸੌਂ ਗਿਆ। ਸ਼ਾਜਹਾਂ ਮੁਤਾਬਕ ਭਾਰਤ ਆਉਣ ਦੀ ਖੁਸ਼ੀ ਵਿੱਚ ਉਹ ਇੱਕ ਰਾਤ ਪਹਿਲਾਂ ਸੌਂ ਨਹੀਂ ਸਕਿਆ ਸੀ, ਇਸ ਲਈ ਏਅਰਪੋਰਟ 'ਤੇ ਅੱਖ ਲੱਗ ਗਈ। ਚਾਰਟਰਡ ਪਲੇਨ ਵਿੱਚ ਸਫਰ ਕਰਨ ਵਾਲੇ ਕੋਲੱਮ ਨਿਵਾਸੀ ਨਿਜ਼ਾਮੂਦੀਨ ਨੇ ਕਿਹਾ, ਸਫਰ ਲਈ ਸਭ ਨੇ 300-300 ਡਾਲਰ (ਕਰੀਬ 24 ਹਜ਼ਾਰ) ਦਿੱਤੇ ਸਨ। ਜਹਾਜ਼ ਦੇ ਉਡਾਣ ਭਰਨ ਤੋਂ ਪਹਿਲਾਂ ਜਹਾਜ਼ ਦੇ ਅਧਿਕਾਰੀ ਵੀ ਸ਼ਾਜਹਾਂ ਦਾ ਪਤਾ ਨਹੀਂ ਲਾ ਸਕੇ। ਅਖੀਰ ਵਿੱਚ ਜਹਾਜ਼ ਨੂੰ ਭਾਰਤ ਦੇ ਲਈ ਰਵਾਨਾ ਕਰ ਦਿੱਤਾ ਗਿਆ।


GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# 'ਬੈੱਲਬਾਟਮ' ਵਿੱਚ ਵਾਣੀ ਕਪੂਰ



ਪਿਛਲੀ ਸਦੀ ਦੇ ਅੱਠਵਾਂ ਦਹਾਕੇ ਦੀ ਕਹਾਣੀ ਉੱਤੇ ਆਧਾਰਤ ਫਿਲਮ 'ਬੈੱਲਬਾਟਮ' ਦੀ ਸ਼ੂਟਿੰਗ ਇਸ ਸਾਲ ਸ਼ੁਰੂ ਹੋਣ ਦੀ ਸੰਭਾਵਨਾ ਹੈ। ਫਿਲਮ ਸੱਚੀਆਂ ਘਟਨਾਵਾਂ ਤੋਂ ਪ੍ਰੇਰਤ ਹੋਵੇਗੀ, ਜਿਸ ਵਿੱਚ ਉਨ੍ਹਾਂ ਨਾਇਕਾਂ ਦੀ ਕਹਾਣੀ ਦਿਖਾਈ ਜਾਵੇਗੀ, ਜਿਨ੍ਹਾਂ ਨੂੰ ਭੁਲਾ ਦਿੱਤਾ ਗਿਆ ਹੈ। ਅਕਸ਼ੈ ਕੁਮਾਰ ਦੇ ਨਾਲ ਫਿਲਮ ਵਿੱਚ ਕਿਹੜੀ ਅਭਿਨੇਤਰੀ ਹੋਵੇਗੀ, ਇਸ ਨੂੰ ਲੈ ਕੇ ਚਰਚਾ ਗਰਮ ਸੀ, ਪਰ ਵਾਣੀ ਕਪੂਰ ਦੇ ਨਾਂਅ 'ਤੇ ਮੋਹਰ ਲੱਗ ਗਈ ਹੈ। 'ਬੇਫਿਕਰੇ', 'ਵਾਰ' ਵਰਗੀਆਂ ਫਿਲਮਾਂ ਕਰ ਚੁੱਕੀ ਵਾਣੀ ਦੀ ਅਕਸ਼ੈ ਨਾਲ ਇਹ ਪਹਿਲੀ ਫਿਲਮ ਹੋਵੇਗੀ।

ਨਿਰਮਾਤਾ ਜੈਕੀ ਭਗਨਾਨੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਫਿਲਮ ਲਈ ਇੱਕ ਫ੍ਰੈੱਸ਼ ਜੋੜੀ ਚਾਹੀਦੀ ਸੀ। ਉਹ ਚਾਹੁੰਦੇ ਸਨ ਕਿ ਫਿਲਮ ਦੀ ਲੀਡ ਅਭਿਨੇਤਰੀ ਦਾ ਤਾਲਮੇਲ ਅਕਸ਼ੈ ਨਾਲ ਸਕਰੀਨ 'ਤੇ ਜਚੇ। ਇਸ ਕਿਰਦਾਰ ਤੋਂ ਵਾਣੀ ਕਾਫੀ ਉਤਸ਼ਾਹਤ ਹੈ। ਉਸ ਦਾ ਕਹਿਣਾ ਹੈ ਕਿ ਇਹ ਉਤਸ਼ਾਹ ਪਰਦੇ 'ਤੇ ਖੂਬਸੂਰਤੀ ਨਾਲ ਨਜ਼ਰ ਆਏਗਾ। ਡਾਇਰੈਕਟਰ ਰਣਜੀਤ ਐਮ ਤਿਵਾੜੀ ਦਾ ਕਹਿਣਾ ਹੈ ਕਿ ਵਾਣੀ ਦਾ ਕਿਰਦਾਰ ਕਾਫੀ ਪੇਚੀਦਾ ਹੈ। ਉਸ ਦਾ ਇੱਕ ਵੱਖ ਸੁਭਾਅ ਹੋਵੇਗਾ, ਜਿਸ ਦੇ ਲਈ ਉਹ ਸਹੀ ਪਸੰਦ ਹੈ। 'ਬੈੱਲਬਾਟਮ' ਅਗਲੇ ਸਾਲ ਦੋ ਅਪ੍ਰੈਲ ਨੂੰ ਰਿਲੀਜ਼ ਕਰਨ ਦੀ ਯੋਜਨਾ ਹੈ।

## 31 ਜੁਲਾਈ ਨੂੰ ਅਮੇਜ਼ਨ ਪ੍ਰਾਈਮ ਉੱਤੇ ਆਵੇਗੀ 'ਸ਼ਕੁੰਤਲਾ ਦੇਵੀ'



ਵਿਦਿਆ ਬਾਲਨ ਦੇ ਗਣਿਤ ਦੇ ਸਵਾਲਾਂ ਨੂੰ ਸਮਝਾਉਂਦੇ ਹੋਏ ਬੜੇ ਮਜ਼ੇਦਾਰ ਢੰਗ ਨਾਲ ਆਪਣੀ ਫਿਲਮ 'ਸ਼ਕੁੰਤਲਾ ਦੇਵੀ' ਦੀ ਨਵੀਂ ਰਿਲੀਜ਼ ਤਰੀਕ ਦੱਸੀ ਹੈ। ਸਿਨੇਮਾਘਰਾਂ ਦੇ ਬੰਦ ਹੋਣ ਕਾਰਨ ਇਸ ਨੂੰ ਡਿਜੀਟਲ 'ਤੇ ਰਿਲੀਜ਼ ਕਰਨ ਦਾ ਐਲਾਨ ਕੀਤਾ ਗਿਆ ਸੀ। ਉਸ ਦੌਰਾਨ ਫਿਲਮ ਦੀ ਰਿਲੀਜ਼ ਤਰੀਕ ਦੇ ਬਾਰੇ ਨਹੀਂ ਦੱਸਿਆ ਗਿਆ ਸੀ। ਵਿਦਿਆ ਬਾਲਨ ਨੇ ਇੰਸਟਾਗ੍ਰਾਮ 'ਤੇ ਇੱਕ ਵੀਡੀਓ ਦੇ ਜ਼ਰੀਏ ਇਸ ਦੀ ਜਾਣਕਾਰੀ ਦਿੱਤੀ ਹੈ। 'ਸ਼ਕੁੰਤਲਾ ਦੇਵੀ' 31 ਜੁਲਾਈ ਨੂੰ ਅਮੇਜ਼ਨ ਪ੍ਰਾਈਮ ਵੀਡੀਓ 'ਤੇ ਰਿਲੀਜ਼ ਹੋਵੇਗੀ। ਵਿਦਿਆ ਨੇ ਇਸ ਨੂੰ ਫਿਲਮ ਦਾ ਵਰਲਡ ਪ੍ਰੀਮੀਅਰ ਦੱਸਿਆ ਹੈ।

ਗਣਿਤ ਦੇ ਸਵਾਲਾਂ ਦੇ ਰਾਹੀਂ ਵਿਦਿਆ ਬਾਲਨ ਨੇ ਤਰੀਕ ਦਾ ਐਲਾਨ ਇਸ ਲਈ ਕੀਤਾ ਹੈ, ਕਿਉਂਕਿ ਇਹ ਫਿਲਮ ਗਣਿਤ ਅਤੇ ਮਨੁੱਖੀ ਕੰਪਿਊਟਰ ਕਹੀ ਜਾਣ ਵਾਲੀ ਗਣਿਤ ਦਾ ਮਾਹਰ ਸ਼ਕੁੰਤਲਾ ਦੇਵੀ ਦੀ ਬਾਇਓਪਿਕ ਹੈ। ਫਿਲਮ ਵਿੱਚ ਵਿਦਿਆ ਦੀ ਬੇਟੀ ਦਾ ਕਿਰਦਾਰ ਸਾਨਿਆ ਮਲਹੋਤਰਾ ਨੇ ਨਿਭਾਇਆ ਹੈ, ਜਦ ਕਿ ਫਿਲਮ ਦਾ ਨਿਰਦੇਸ਼ਨ ਅਨੂ ਮੇਨਨ ਨੇ ਕੀਤਾ ਹੈ। ਇਸ ਤੋਂ ਪਹਿਲਾਂ 'ਗੁਲਾਬੋ ਸਿਤਾ-ਬੋ' ਅਮੇਜ਼ਨ ਪ੍ਰਾਈਮ ਵੀਡੀਓ 'ਤੇ ਰਿਲੀਜ਼ ਹੋ ਚੁੱਕੀ ਹੈ।

# ਮੇਰੇ ਲਈ ਮਸ਼ਹੂਰ ਹੈ ਕਿ ਹਰ ਫਿਲਮ ਲਈ ਭੱਜਦੀ ਹੈ : ਤਾਪਸੀ



ਲਾਕਡਾਊਨ ਤੋਂ ਪਹਿਲਾਂ ਤਾਪਸੂ ਪੰਨੂ ਆਪਣੀ ਅਗਲੀ ਫਿਲਮ 'ਰਸ਼ਮੀ ਰੈਕੇਟ' ਦੀ ਤਿਆਰੀ ਵਿੱਚ ਰੁੱਝੀ ਹੋਈ ਸੀ। ਉਸ ਵਿੱਚ ਉਹ ਐਥਲੀਟ ਦੀ ਭੂਮਿਕਾ ਵਿੱਚ ਹੈ। ਉਸ ਨੇ ਦੱਸਿਆ ਕਿ 'ਰਸ਼ਮੀ ਰੈਕੇਟ' ਇਸ ਸਾਲ ਆਈ ਕੰਗਨਾ ਰਣੌਤ ਦੀ ਫਿਲਮ 'ਪੰਗਾ' ਤੋਂ ਵੱਖ ਹੈ। ਦਰਅਸਲ 'ਪੰਗਾ' ਵਿੱਚ ਕੰਗਨਾ ਦਾ ਕਿਰਦਾਰ ਆਪਣੇ ਪਤੀ ਦੇ ਸਹਿਯੋਗ ਕਾਰਨ ਵਿਆਹ ਪਿੱਛੋਂ ਖੇਡਾਂ ਵਿੱਚ ਵਾਪਸੀ ਕਰਦਾ ਹੈ। 'ਰਸ਼ਮੀ ਰੈਕੇਟ' ਵਿੱਚ ਤਾਪਸੀ ਦੇ ਪਤੀ ਦਾ ਕਿਰਦਾਰ ਵੀ ਸਪੋਰਟਿਵ ਹੈ। ਇਸ ਬਾਰੇ ਤਾਪਸੀ ਦਾ ਕਹਿਣਾ ਹੈ ਕਿ ਫਿਲਮ ਵਿੱਚ ਪਤੀ ਦਾ ਕਿਰਦਾਰ ਸਪੋਰਟਿਵ ਹੈ, ਪਰ ਇਸ ਦੀ ਕਹਾਣੀ ਮਹਿਲਾ ਖਿਡਾਰੀ ਦੇ ਨਾਲ ਹੋਣ ਵਾਲੀ ਨਾ-ਇਨਸਾਫੀ ਦੇ ਬਾਰੇ ਹੈ। ਇਹ 'ਪੰਗਾ' ਦੇ ਵਾਂਗ ਨਹੀਂ ਹੈ। ਉਸ ਵਿੱਚ ਵਿਆਹ ਦੇ ਬਾਦ ਕਬੱਡੀ ਖਿਡਾਰੀ ਮੈਦਾਨ ਵਿੱਚ ਵਾਪਸੀ ਕਰਦੀ ਹੈ। ਇਸ ਫਿਲਮ ਵਿੱਚ ਤਾਪਸੀ ਦੌੜਦੀ ਦਿਸੇਗੀ।


ਦੌੜਨ ਬਾਰੇ ਤਾਪਸੀ ਦਾ ਕਹਿਣਾ ਹੈ ਕਿ ਮੇਰੇ ਲਈ ਮਸ਼ਹੂਰ ਹੈ ਕਿ ਹਰ ਫਿਲਮ ਵਿੱਚ ਭੱਜਦੀ ਰਹਿੰਦੀ ਹੈ, ਭਾਵੇਂ ਕੋਈ ਵੀ ਜੋਨਰ ਹੋਵੇ। 'ਮਨਮਰਜ਼ੀਆਂ' ਲਵ ਸਟੋਰੀ ਸੀ, ਉਸ ਵਿੱਚ ਵੀ ਦੌੜਦੀ ਰਹੀ। ਸਾਊਥ ਦੀ ਥ੍ਰਿਲਰ ਫਿਲਮ 'ਗੇਮ ਓਵਰ' ਵਿੱਚ ਵੀ ਭੱਜੀ ਸੀ। 'ਸੂਰਮਾ' ਵਿੱਚ ਹਾਕੀ ਖਿਡਾਰੀ ਸੀ। ਸਾਰੇ ਕਹਿੰਦੇ ਹਨ ਕਿ ਫਿਲਮ ਵਿੱਚ ਭੱਜਦੀ ਰਹਿੰਦੀ ਹੈ ਤਾਂ ਮੈਂ ਸੋਚਿਆ ਕਿ ਦੌੜਨ ਵਾਲੀ ਫਿਲਮ ਕਰ ਲਵਾਂ। ਪ੍ਰੋਫੈਸ਼ਨਲੀ ਮੈਂ ਕਦੇ ਨਹੀਂ ਦੌੜੀ। ਸਕੂਲੀ ਦਿਨਾਂ ਵਿੱਚ ਜ਼ਰੂਰ ਰੇਸ ਵਿੱਚ ਹਿੱਸਾ ਲਿਆ ਸੀ। ਸਪੋਰਟਸ ਵਿੱਚ ਮੈਂ ਹਮੇਸ਼ਾ ਤੋਂ ਸਰਗਰਮ ਰਹੀ ਹਾਂ। ਪਰ ਹਾਂ, ਸਪ੍ਰਿੰਟਰ ਦੀ ਤਕਨੀਕ ਨੂੰ ਜਾਨਣਾ ਮੇਰੇ ਲਈ ਨਵਾਂ ਅਤੇ ਦਿਲਚਸਪ ਅਨੁਭਵ ਹੈ। ਮਹਿਲਾ ਕ੍ਰਿਕਟਰ ਮਿਤਾਲੀ ਰਾਜ ਦੀ ਬਾਇਓਪਿਕ ਵਿੱਚ ਵੀ ਕਾਫੀ ਦੌੜਨਾ ਸੀ। ਇਹ ਸਾਲ ਫਿਜੀਕਲੀ ਕਾਫੀ ਥਕਾਉਣ ਵਾਲਾ ਹੋਣ ਵਾਲਾ ਸੀ, ਪਰ ਲਾਕਡਾਊਨ ਦੇ ਕਾਰਨ ਬ੍ਰੇਕ ਹੋ ਗਿਆ।

# ਫਿਲਮਾਂ ਵਿੱਚ ਜਾਣ ਤੋਂ ਪਹਿਲਾਂ ਸੁਸ਼ਾਂਤ ਦਾ ਮਿਸਾਲ ਦਿੰਦੀ ਸੀ ਰਾਧਿਕਾ ਮਦਾਨ



ਇਰਫਾਨ ਖਾਨ ਸਟਾਰਰ 'ਅੰਗਰੇਜ਼ੀ ਮੀਡੀਅਮ' ਵਿੱਚ ਨਜ਼ਰ ਆਈ ਰਾਧਿਕਾ ਮਦਾਨ ਫਿਲਮਾਂ ਵਿੱਚ ਐਂਟਰੀ ਲੈਣ ਤੋਂ ਪਹਿਲਾਂ ਟੀ ਵੀ ਸ਼ੋਅ 'ਮੇਰੀ ਆਸ਼ਿਕੀ ਤੁਮਸੇ ਹੀ' ਦਾ ਹਿੱਸਾ ਰਹੀ ਹੈ। ਸੁਸ਼ਾਂਤ ਦੀ ਮੌਤ ਮਗਰੋਂ ਰਾਧਿਕਾ ਨੇ ਦੱਸਿਆ ਕਿ ਉਹ ਫਿਲਮਾਂ ਵਿੱਚ ਆਉਣ ਤੋਂ ਪਹਿਲਾਂ ਹਰ ਕਿਸੇ ਨੂੰ ਸੁਸ਼ਾਂਤ ਦੀ ਹੀ ਮਿਸਾਲ ਦਿੰਦੀ ਸੀ। ਇੱਕ ਇੰਟਰਵਿਊ ਵਿੱਚ ਜਦ ਰਾਧਿਕਾ ਤੋਂ ਉਨ੍ਹਾਂ ਦੇ ਟੀ ਵੀ ਤੋਂ ਬਾਲੀਵੁੱਡ ਦੇ ਸਫਰ ਦੇ ਬਾਰੇ ਪੁੱਛਿਆ ਗਿਆ ਤਾਂ ਅਭਿਨੇਤਰੀ ਨੇ ਕਿਹਾ, ''ਸੁਸ਼ਾਂਤ ਨੇ ਮੈਨੂੰ ਇੰਸਪਾਇਰ ਕੀਤਾ ਹੈ। ਮੈਂ ਟੀ ਵੀ ਤੋਂ ਬਾਲੀਵੁੱਡ ਤੱਕ ਦਾ ਸਫਰ ਤੈਅ ਕੀਤਾ ਕਿਉਂਕਿ ਉਨ੍ਹਾਂ ਨੇ ਇਸ ਨੂੰ ਪਾਸੀਬਲ ਹੁੰਦਾ ਦਿਖਾਇਆ। ਜਦ ਵੀ ਲੋਕ ਮੈਨੂੰ ਕਹਿੰਦੇ ਕਿ ਟੀ ਵੀ ਨਾਲ ਜੁੜੇ ਰਹੋ ਕਿਉਂਕਿ ਟੀ ਵੀ ਐਕਟਰ ਨੂੰ ਕੋਈ ਨਹੀਂ ਲੈਂਦਾ ਤਾਂ ਮੈਂ ਸੁਸ਼ਾਂਤ ਦੀ ਮਿਸਾਲ ਦਿੰਦੀ ਸੀ। ਮੈਂ ਉਨ੍ਹਾਂ ਨੂੰ ਉਨ੍ਹਾਂ ਦੇ ਕੰਮ ਦੇ ਲਈ ਯਾਦ ਰੱਖਾਂਗੀ।''

# ਕਾਰਤਿਕ ਆਰੀਅਨ ਦੀ ਅਗਲੀ ਐਕਸ਼ਨ ਫਿਲਮ ਲਟਕੀ



ਇਸ ਫਰਵਰੀ ਵਿੱਚ ਕਾਰਤਿਕ ਆਰੀਆ ਨੇ ਫਿਲਮ 'ਤਾਨਾਜੀ-ਦ ਅਨਸੰਗ ਵਾਰੀਅਰ' ਦੇ ਡਾਇਰੈਕਟਰ ਓਮ ਰਾਉਤ ਨਾਲ ਆਪਣੀ ਪਹਿਲੀ ਐਕਸ਼ਨ ਫਿਲਮ ਦਾ ਐਲਾਨ ਕੀਤਾ ਸੀ। 'ਪਤੀ-ਪਤਨੀ ਔਰ ਵੋ', 'ਲਵ ਆਜਕੱਲ੍ਹ' ਅਤੇ 'ਲੁਕਾਛਿਪੀ' ਵਰਗੀਆਂ ਫਿਲਮਾਂ ਨਾਲ ਲਵ ਬੁਆਏ ਦਾ ਅਕਸ ਬਣਾ ਚੁੱਕੇ ਕਾਰਤਿਕ ਦੀ ਇਸ ਐਕਸ਼ਨ ਫਿਲਮ ਉੱਤੇ ਕੋਰੋਨਾ ਦਾ ਗ੍ਰਹਿਣ ਲੱਗਦਾ ਦਿਖਾਈ ਦੇ ਰਿਹਾ ਹੈ। ਖਬਰ ਹੈ ਕਿ ਇਸ ਫਿਲਮ ਨੂੰ ਠੰਢੇ ਬਸਤੇ ਵਿੱਚ ਪਾ ਦਿੱਤਾ ਗਿਆ ਹੈ। ਫਿਲਮ ਨੂੰ ਰੋਕਣ ਦਾ ਮੁੱਖ ਕਾਰਨ ਇਸ ਵਿੱਚ ਵਿਦੇਸ਼ ਦੀਆਂ ਬਹੁਤ ਸਾਰੀਆਂ ਲੋਕੇਸ਼ਨਾਂ ਸਨ। ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਵਿਦੇਸ਼ ਵਿੱਚ ਲੋਕੇਸ਼ਨ 'ਤੇ ਸ਼ੂਟਿੰਗ ਕਰ ਸਕਣੀ ਮੁਸ਼ਕਲ ਹੈ। ਇਸ ਲਈ ਫਿਲਮ ਦੇ ਨਿਰਮਾਤਾ ਭੂਸ਼ਣ ਕੁਮਾਰ ਅਤੇ ਡਾਇਰੈਕਟਰ ਓਮ ਨੇ ਹਾਲਾਤ ਨਾਰਮਲ ਹੋਣ ਤੱਕ ਇਸ ਦਾ ਕੰਮ ਰੋਕਣ ਦਾ ਫੈਸਲਾ ਕੀਤਾ ਹੈ। ਜਾਣਕਾਰ ਸੂਤਰਾਂ ਮੁਤਬਾਕ ਫਿਲਮ ਦੇ ਕੁਝ ਹਿੱਸਿਆਂ ਨੂੰ ਹਾਂਗਕਾਂਗ ਅਤੇ ਕੁਝ ਹੋਰਨਾਂ ਦੇਸ਼ਾਂ ਵਿੱਚ ਫਿਲਮਾਇਆ ਜਾਣਾ ਸੀ। ਡਾਇਰੈਕਟਰ ਓਮ ਫਿਲਮ ਦੀ ਗੁਣਵੱਤਾ ਦੇ ਨਾਲ ਕੋਈ ਸਮਝੌਤਾ ਨਹੀਂ ਕਰਨਾ ਚਾਹੁੰਦੇ, ਇਸ ਲਈ ਫਿਲਹਾਲ ਇਹ ਕੰਮ ਰੋਕ ਦਿੱਤਾ ਗਿਆ ਹੈ।

